18-DEC-PAGE-1.qxd 12/17/2023 10:13 PM Page 1

ਸੋਮਵਾਰ, 18 ਦਸੰਬਰ, 2023
3 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 198

ਨਵਾਂ ਜ਼ਮਾਨਾ

DAILY NAWAN ZAMANA • MONDAY, 18 DECEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਮੋਦੀ ਸਰਕਾਰ ਪੰਜਾਬ ਨੂੰ ਬਰਬਾਦ ਕਰਨ 'ਤੇ ਤੁਲੀ : ਮਾਨ

ਮੌੜ (ਬਠਿੰਡਾ) (ਪਰਵਿੰਦਰਜੀਤ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇੱਥੇ 'ਵਿਕਾਸ ਰੈਲੀ' ਦੌਰਾਨ ਲੋਕਾਂ ਦੇ ਠਾਠਾਂ ਮਾਰਦੇ ਇਕੱਠ ਵਿੱਚ 1125 ਕਰੋੜ ਰੁਪਏ ਦੇ ਪ੍ਰਾਜੈਕਟਾਂ ਰਾਹੀਂ ਬਠਿੰਡਾ ਲੋਕ ਸਭਾ ਹਲਕੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦਿੱਤਾ। ਆਪਣੀ ਤਕਰੀਰ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸਿਆਸੀ ਰੈਲੀ ਨਹੀਂ, ਸਗੋਂ ਵਿਕਾਸ ਤੇ ਤਰੱਕੀ ਦੀਆਂ ਖੁਸ਼ੀਆਂ ਸਾਂਝੀਆਂ ਕਰਨ ਵਾਲਾ ਸਮਾਗਮ ਹੈ, ਜੋ ਸੂਬੇ ਦੇ ਕੋਨੇ-ਕੋਨੇ ਵਿੱਚ ਦੇਖਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਮੌਕੇ ਪੰਜਾਬ ਵਿੱਚ ਅਜਿਹੀਆਂ ਰੈਲੀਆਂ ਬੰਦ ਹ�ो ਗਈਆਂ ਸਨ, ਪਰ ਉਨ੍ਹਾ ਦੀ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਰੁਝਾਨ ਨੂੰ ਮੁੜ ਸ਼ੁਰੂ ਕੀਤਾ ਹੈ।

ਮਾਨ ਨੇ ਕਿਹਾ ਕਿ ਬੀਤੇ 25 ਸਾਲਾਂ ਦੌਰਾਨ ਸੂਬੇ ਵਿੱਚ ਸਿਰਫ਼ ਚਾਰ-ਪੰਜ ਲੋਕਾਂ ਦੀ ਸੱਤਾ ਰਹੀ ਹੈ, ਜਿਨ੍ਹਾਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਸੂਬੇ ਦੇ ਵਸੀਲਿਆਂ ਦੀ ਦੁਰਵਰਤੋਂ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਪੰਜਾਂ ਵਿੱਚੋਂ ਦੋ, ਇੱਕ ਪਰਵਾਰ ਦੇ ਸਨ, ਜਦੋਂ ਕਿ ਦੋ ਦੂਜੇ ਪਰਵਾਰ ਦੇ ਸਨ। ਇਨ੍ਹਾਂ ਵਿੱਚ ਇਕ ਪਾਕਿਸਤਾਨੀ ਨਾਗਰਿਕ ਵੀ ਸੀ। ਉਨ੍ਹਾ ਦੁੱਖ ਨਾਲ ਕਿਹਾ ਕਿ ਪਾਕਿਸਤਾਨੀ ਨਾਗਰਿਕ ਅਤੇ ਦੋ ਪਰਵਾਰਾਂ ਦੇ ਇਨ੍ਹਾਂ ਚਾਰ ਹੋਰ ਜੀਆਂ ਨੇ ਸੂਬੇ ਦੀ ਦੌਲਤ ਨੂੰ ਲੁੱਟਿਆ।

ਉਨ੍ਹਾ ਕਿਹਾ ਕਿ ਭਾਵੇਂ ਲੋਕਾਂ ਨੇ ਵਿਧਾਨ ਸਭਾ ਚੋਣਾਂ ਵਿੱਚ ਸਮੁੱਚੇ ਬਾਦਲ ਪਰਵਾਰ ਨੂੰ ਸਿਆਸੀ ਖੇਤਰ ਵਿੱਚੋਂ ਬਾਹਰ ਕਰ ਦਿੱਤਾ ਸੀ, ਪਰ ਹੁਣ ਸਮਾਂ ਆ ਗਿਆ ਹੈ, ਜਦੋਂ ਇਨ੍ਹਾਂ ਦੇ ਇਕਲੌਤੇ ਬਚੇ ਹੋਏ ਚਿਹਰੇ ਨੂੰ ਵੀ ਬਠਿੰਡਾ ਹਲਕੇ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਆਮ ਆਦਮੀ ਦੀ ਭਲਾਈ ਦੇ ਉਦੇਸ਼ ਨਾਲ ਲਏ ਗਏ ਲੋਕ-ਪੱਖੀ ਫੈਸਲਿਆਂ ਨੂੰ ਹਜ਼ਮ ਨਹੀਂ ਕਰ ਪਾ ਰਹੀ। ਕੇਂਦਰ ਸਰਕਾਰ ਵੱਲੋਂ ਆਮ ਆਦਮੀ ਕਲੀਨਿਕਾਂ ਲਈ ਫੰਡ ਰੋਕੇ ਹੋਏ ਹਨ ਅਤੇ ਸੂਬੇ ਨੂੰ ਪੇਂਡੂ ਖੇਤਰਾਂ ਵਿੱਚ ਸੜਕਾਂ ਬਣਾਉਣ ਤੋਂ ਰੋਕਣ ਲਈ 5500 ਕਰੋੜ ਰੁਪਏ ਦੇ ਪੇਂਡੂ ਵਿਕਾਸ ਫੰਡ ਵੀ ਰੋਕ ਦਿੱਤੇ ਗਏ ਹਨ। ਮਾਨ ਨੇ ਕਿਹਾ ਕਿ ਜੇਕਰ ਇਹ ਫੰਡ ਸੂਬਾ

● ਬਾਕੀ ਸਫ਼ਾ 2 'ਤੇ

'ਭਾਰਤ ਜੋੜੋ ਯਾਤਰਾ' ਦੇ ਦੂਜੇ ਪੜਾਅ ਦੀ ਸ਼ੁਰੂਆਤ ਜਨਵਰੀ ਦੇ ਪਹਿਲੇ ਹਫ਼ਤੇ

ਨਵੀਂ ਦਿੱਲੀ : ਕਾਂਗਰਸ 'ਭਾਰਤ ਜੋੜੋ ਯਾਤਰਾ' ਦਾ ਦੂਜਾ ਪੜਾਅ ਉੱਤਰ-ਪੂਰਬ ਤੋਂ ਜਨਵਰੀ ਦੇ ਪਹਿਲੇ ਹਫਤੇ ਸ਼ੁਰੂ ਕਰ ਸਕਦੀ ਹੈ। ਰਾਹੁਲ ਗਾਂਧੀ ਦੀ ਅਗਵਾਈ ਦੇ ਪਹਿਲੇ ਗੇੜ ਦੀ ਭਾਰਤ ਜੋੜੋ ਯਾਤਰਾ ਲੰਘੇ ਵਰ੍ਹੇ 7 ਸਤੰਬਰ ਨੂੰ ਤਾਮਿਲਨਾਡੂ ਦੇ ਕੰਨਿਆਕੁਮਾਰੀ ਤੋਂ ਆਰੰਭ ਹੋਈ ਸੀ ਅਤੇ 30 ਜਨਵਰੀ ਨੂੰ ਸ੍ਰੀਨਗਰ ਵਿਚ ਖਤਮ ਹੋਈ ਸੀ।

ਕਾਂਗਰਸੀ ਸੂਤਰਾਂ ਨੇ ਦੱਸਿਆ ਕਿ ਪਾਰਟੀ ਨੇ ਜਨਵਰੀ ਦੇ ਪਹਿਲੇ ਹਫਤੇ ਤੋਂ ਯਾਤਰਾ ਦੇ ਦੂਜੇ ਗੇੜ ਦੀ ਯੋਜਨਾ ਉਲੀਕੀ ਹੈ। ਇਸ ਨਾਲ ਪਾਰਟੀ ਲੋਕ ਸਭਾ ਚੋਣਾਂ ਦੀ ਮੁਹਿੰਮ ਦੀ ਸ਼ੁਰੂਆਤ ਕਰੇਗੀ।

ਇਸ ਵਾਰ ਭਾਰਤ ਜੋੜੋ ਯਾਤਰਾ ਵਿਚ ਪੈਦਲ ਯਾਤਰਾ ਤੇ ਬੱਸ ਨਾਲ ਯਾਤਰਾ ਵੀ ਸ਼ਾਮਲ ਹੋਵੇਗੀ। ਪੈਦਲ ਯਾਤਰਾ ਪੱਛਮੀ ਤੇ ਉੱਤਰ ਭਾਰਤ ਦੇ ਕਈ ਸ਼ਹਿਰਾਂ ਤੇ ਪਿੰਡਾਂ ਵਿੱਚੋਂ ਹੋ ਕੇ ਲੰਘੇਗੀ। ਯਾਤਰਾ ਦੋ ਮਹੀਨਿਆਂ ਤੋਂ ਵੱਧ ਸਮੇਂ ਤੱਕ ਚੱਲੇਗੀ।

ਇਸੇ ਦੌਰਾਨ ਕਾਂਗਰਸ ਨੇ 2024 ਦੀਆਂ ਆਮ ਚੋਣਾਂ ਦੀ ਰਣਨੀਤੀ ਅਤੇ ਭਾਜਪਾ ਨੂੰ ਟੱਕਰ ਦੇਣ ਲਈ ਚੋਣ ਮੁਹਿੰਮ ਦੀ ਯੋਜਨਾ ਘੜਨ ਵਾਸਤੇ 21 ਦਸੰਬਰ ਨੂੰ ਆਪਣੀ ਵਰਕਿੰਗ ਕਮੇਟੀ ਦੀ ਮੀਟਿੰਗ ਬੁਲਾਈ ਹੈ। ਇਹ ਮੀਟਿੰਗ 19 ਦਸੰਬਰ ਨੂੰ ਵਿਰੋਧੀ ਗਠਜੋੜ 'ਇੰਡੀਆ' ਦੀ ਮੀਟਿੰਗ ਤੋਂ ਦੋ ਦਿਨ ਬਾਅਦ ਹੋਵੇਗੀ ਅਤੇ ਇਸ ਦੌਰਾਨ ਸੀਟਾਂ ਦੀ ਵੰਡ ਅਤੇ ਚੋਣ ਪ੍ਰਚਾਰ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ।

ਸਹਿਮਤੀ ਨਾ ਬਣੀ ਤਾਂ ਲਿੰਕ ਨਹਿਰ ਬਾਰੇ ਸੁਪਰੀਮ ਕੋਰਟ ਦੇ ਨਿਰਦੇਸ਼ ਵਾਂਗ ਚੱਲਾਂਗੇ : ਸ਼ੇਖਾਵਤ

ਮੁਹਾਲੀ : ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਵਾਦਤ ਮੁੱਦੇ ਨੂੰ ਹੱਲ ਕਰਨ ਲਈ ਪੰਜਾਬ ਤੇ ਹਰਿਆਣਾ ਨਾਲ 28 ਦਸੰਬਰ ਨੂੰ ਬੈਠਕ ਕਰੇਗੀ। ਕੇਂਦਰ ਨੇ ਪਹਿਲਾਂ ਵੀ ਸੁਪਰੀਮ ਕੋਰਟ ਦੇ ਨਿਰਦੇਸ਼ 'ਤੇ ਇਸ ਮਾਮਲੇ 'ਚ ਆਮ ਸਹਿਮਤੀ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। ਸ਼ੇਖਾਵਤ ਨੇ ਕਿਹਾ—ਇਸ ਵਾਰ ਮੁੜ ਅਸੀਂ ਯਤਨ ਕਰਾਂਗੇ ਤੇ ਇਕੱਠੇ ਚਰਚਾ ਕਰਾਂਗੇ ਅਤੇ ਜੇ ਕੋਈ ਰਾਹ ਨਿਕਲਦਾ ਹੈ ਤਾਂ ਅਸੀਂ ਉਸ 'ਤੇ ਕੰਮ ਕਰਾਂਗੇ। ਨਹੀਂ ਤਾਂ, ਸੁਪਰੀਮ ਕੋਰਟ ਦੇ ਨਿਰਦੇਸ਼ ਮੁਤਾਬਕ ਕੰਮ ਕਰਾਂਗੇ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਉਹ ਬੈਠਕ 'ਚ ਸ਼ਾਮਲ ਹੋਣਗੇ, ਪਰ ਸੂਬੇ ਕੋਲ ਹੋਰਨਾਂ ਸੂਬਿਆਂ ਨਾਲ ਸਾਂਝਾ ਕਰਨ ਲਈ ਇਕ ਵੀ ਬੂੰਦ ਪਾਣੀ ਨਹੀਂ।

ਵਿਸਫੋਟਕ ਬਣਾਉਣ ਵਾਲੀ ਫੈਕਟਰੀ 'ਚ ਧਮਾਕਾ, 9 ਮੌਤਾਂ

ਨਾਗਪੁਰ : ਮਹਾਰਾਸ਼ਟਰ ਦੇ ਨਾਗਪੁਰ ਜ਼ਿਲ੍ਹੇ 'ਚ ਵਿਸਫੋਟਕ ਬਣਾਉਣ ਵਾਲੀ ਫੈਕਟਰੀ 'ਚ ਐਤਵਾਰ ਹੋਏ ਧਮਾਕੇ ਕਾਰਨ 9 ਵਿਅਕਤੀਆਂ ਦੀ ਮੌਤ ਹੋ ਗਈ। ਧਮਾਕਾ ਸਵੇਰੇ 9 ਵਜੇ ਬਾਜ਼ਾਰਗਾਓਂ ਖੇਤਰ 'ਚ ਸੋਲਰ ਇੰਡਸਟਰੀਜ਼ ਦੇ ਕਾਸਟ ਬੂਸਟਰ ਯੂਨਿਟ 'ਚ ਹੋਇਆ। ਫੈਕਟਰੀ 'ਚ ਕੋਲੇ ਦੇ ਖਣਨ ਲਈ ਵਰਤੇ ਜਾਣ ਵਾਲੇ ਵਿਸਫੋਟਕ ਤਿਆਰ ਕੀਤੇ ਜਾਂਦੇ ਹਨ। ਧਮਾਕਾ ਉਸ ਸਮੇਂ ਹੋਇਆ, ਜਦੋਂ ਵਿਸਫੋਟਕਾਂ ਦੀ ਪੈਕਿੰਗ ਦਾ ਕੰਮ ਚੱਲ ਰਿਹਾ ਸੀ।

3 ਹਾਈਬ੍ਰਿਡ ਦਹਿਸ਼ਤਗਰਦ ਫੜੇ

ਸ੍ਰੀਨਗਰ : ਸ਼ਹਿਰ ਦੇ ਬੈਮਿਨਾ ਇਲਾਕੇ 'ਚ ਪੁਲਸ ਮੁਲਾਜ਼ਮ 'ਤੇ ਪਿਛਲੇ ਹਫਤੇ ਹੋਏ ਹਮਲੇ 'ਚ ਕਥਿਤ ਤੌਰ 'ਤੇ ਸ਼ਾਮਲ ਤਿੰਨ 'ਹਾਈਬ੍ਰਿਡ' ਦਹਿਸ਼ਤਗਰਦਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜੰਮੂ ਅਤੇ ਕਸ਼ਮੀਰ ਦੇ ਡੀ ਜੀ ਪੀ ਸ੍ਰੀ ਆਰ ਆਰ ਸਵੈਨ ਨੇ ਐਤਵਾਰ ਇਹ ਜਾਣਕਾਰੀ ਦਿੱਤੀ। ਕਾਂਸਟੇਬਲ ਮੁਹੰਮਦ ਹਵੀਜ਼ ਚਕ 'ਤੇ 9 ਦਸੰਬਰ ਨੂੰ ਉਸ ਸਮੇਂ ਹਮਲਾ ਹੋਇਆ, ਜਦੋਂ ਉਹ ਡਿਊਟੀ ਤੋਂ ਘਰ ਪਰਤ ਰਿਹਾ ਸੀ। ਡੀ ਜੀ ਪੀ ਨੇ ਦੱਸਿਆ ਕਿ ਹਮਲੇ ਦੀ ਸਾਜ਼ਿਸ਼ ਪਾਕਿਸਤਾਨ ਅਧਾਰਤ ਦਹਿਸ਼ਤਗਰਦ ਅਰਜੁਮੰਦ ਉਰਫ ਹਮਜ਼ਾ ਬੁਰਹਾਨ ਨੇ ਘੜੀ ਸੀ, ਜੋ ਇੱਕ ਸਥਾਨਕ ਸਰਗਨੇ ਦਾਨਿਸ਼ ਅਹਿਮਦ ਦੇ ਸੰਪਰਕ 'ਚ ਸੀ। ਪੁਲਸ ਨੇ ਦੱਸਿਆ ਕਿ 'ਹਾਈਬ੍ਰਿਡ' ਦਹਿਸ਼ਤਗਰਦ ਉਹ ਹੁੰਦੇ ਹਨ, ਜੋ ਹਮਲੇ ਕਰਦੇ ਹਨ ਅਤੇ ਫਿਰ ਆਪਣੀ ਆਮ ਜ਼ਿੰਦਗੀ 'ਚ ਵਾਪਸ ਚਲੇ ਜਾਂਦੇ ਹਨ।

ਰਮਨਦੀਪ ਨੇ ਖਿਤਾਬ ਜਿੱਤਿਆ

ਹੈਦਰਾਬਾਦ : ਪੰਜਾਬ ਦੀ ਰਮਨਦੀਪ ਕੌਰ ਨੇ ਹਰਿਆਣਾ ਦੀ ਮਮਤਾ ਸਿੰਘ ਨੂੰ ਹਰਾ ਕੇ ਲਾਈਟ ਫਲਾਈਵੇਟ ਡਵੀਜ਼ਨ 'ਚ ਵੱਕਾਰੀ ਡਬਲਿਊ ਬੀ ਸੀ ਇੰਡੀਆ ਖਿਤਾਬ ਜਿੱਤ ਲਿਆ। ਇਹ ਮੁਕਾਬਲਾ ਅੱਠ ਰਾਊਂਡ ਤੱਕ ਚੱਲਿਆ। ਭਾਰਤੀ ਮੁੱਕੇਬਾਜ਼ੀ ਕੌਂਸਲ ਵੱਲੋਂ ਮਨਜ਼ੂਰਸ਼ੁਦਾ ਮੁਕਾਬਲੇ 'ਚ ਸਨਿੱਚਰਵਾਰ ਗਾਚੀਬਾਓਲੀ ਸਟੇਡੀਅਮ 'ਚ ਦੋ ਖਿਤਾਬੀ ਮੁਕਾਬਲਿਆਂ ਡਬਲਿਊ ਬੀ ਸੀ ਇੰਡੀਆ ਅਤੇ ਡਬਲਿਊ ਬੀ ਸੀ ਮਿਡਲ ਈਸਟ ਸਣੇ ਕੁੱਲ 10 ਮੁਕਾਬਲੇ ਹੋਏ।

ਰਮਨਦੀਪ ਨੇ ਪੇਸ਼ੇਵਰ ਵਰਗ 'ਚ ਆਪਣੇ 14ਵੇਂ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਮਮਤਾ ਦੀ ਲਗਾਤਾਰ ਚਾਰ ਜਿੱਤਾਂ ਦੀ ਮੁਹਿੰਮ ਨੂੰ ਠੱਲ੍ਹ ਦਿੱਤਾ। ਭਾਰਤ ਦੇ ਸਬਰੀ ਨੇ ਈਰਾਨ ਦੇ ਖਸ਼ੈਰ ਘਾਸੇਮੀ ਨੂੰ ਹਰਾ ਕੇ ਡਬਲਿਊ ਬੀ ਸੀ ਮਿਡਲ ਈਸਟ ਖਿਤਾਬ ਆਪਣੇ ਨਾਅ ਕੀਤਾ।

ਇਹੀ ਵਿਕਾਸ ਦਰ ਰਹੀ ਤਾਂ ਭਾਰਤ ਅੰਮ੍ਰਿਤ ਕਾਲ 'ਚ ਲੋਅਰ ਮਿਡਲ ਦੇਸ਼ ਹੀ ਰਹੇਗਾ : ਰਾਜਨ

ਹੈਦਰਾਬਾਦ : ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੁਰਾਮ ਰਾਜਨ ਨੇ ਕਿਹਾ ਕਿ ਜੇ ਵਿਕਾਸ ਦਰ 6 ਫੀਸਦੀ ਰਹਿੰਦੀ ਹੈ ਤਾਂ ਭਾਰਤ 2047 ਤੱਕ (ਅੰਮ੍ਰਿਤ ਕਾਲ) ਆਬਾਦੀ ਵਿਚ ਵਾਧਾ ਨਾ ਹੋਣ ਦੇ ਬਾਵਜੂਦ ਨਿਮਨ ਮੱਧ ਵਰਗੀ (ਲੋਅਰ ਮਿਡਲ) ਦੇਸ਼ ਹੀ ਰਹੇਗਾ। ਇੱਥੇ ਮੰਥਨ ਵੱਲੋਂ ਆਯੋਜਿਤ ਪ੍ਰੋਗਰਾਮ ਵਿਚ ਰਾਜਨ ਨੇ ਕਿਹਾ ਕਿ ਜੇ ਦੇਸ਼ ਨੇ ਤੇਜ਼ੀ ਨਾਲ ਵਿਕਾਸ ਨਾ ਕੀਤਾ ਤਾਂ ਇਹ ਅਮੀਰ ਹੋਣ ਦੀ ਥਾਂ ਬੁੱਢਾ ਹੋ ਜਾਵੇਗਾ। ਮਤਲਬ ਇਸ ਨੂੰ ਬਜ਼ੁਰਗਾਂ ਨੂੰ ਸਾਂਭਣ ਦੀਆਂ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪਵੇਗਾ। ਉਨ੍ਹਾ ਕਿਹਾ ਕਿ ਪਿਛਲੀਆਂ ਦੋ ਤਿਮਾਹੀਆਂ ਦੌਰਾਨ ਕੁਲ ਘਰੇਲੂ ਪੈਦਾਵਾਰ (ਜੀ ਡੀ ਪੀ) ਦੀ ਵਾਧਾ ਦਰ 7.5 ਫੀਸਦੀ ਰਹੀ ਹੈ। ਜੇ ਇਸ ਵਿਚ ਲੇਬਰ ਦੀ ਭਾਈਵਾਲੀ ਦੇਖੀ ਜਾਵੇ ਤਾਂ ਇਹ ਬਹੁਤ ਹੇਠਲੀ ਪੱਧਰ ਦੀ ਹੈ ਤੇ ਜੇ ਮਹਿਲਾ ਵਰਕਰਾਂ ਦੀ ਭਾਈਵਾਲੀ ਦੇਖੀ ਜਾਵੇ ਤਾਂ ਇਹ ਜੀ-20 ਦੇਸ਼ਾਂ ਦੇ ਗਰੁੱਪ ਵਿਚ ਸਭ ਤੋਂ ਹੇਠਲੀ ਪੱਧਰ ਦੀ ਹੈ। ਉਨ੍ਹਾ ਕਿਹਾ—ਇਸ ਵੇਲੇ ਭਾਰਤ ਦੀ ਸੰਭਾਵਤ ਵਿਕਾਸ ਦਰ ਸਾਲਾਨਾ ਕਰੀਬ 6 ਫੀਸਦੀ ਹੈ। ਇਹ ਦਰ ਸਾਰੀ ਲੇਬਰ ਫੋਰਸ ਨੂੰ ਖਪਾਉਣ ਲਈ ਕਾਫੀ ਨਹੀਂ। ਇਸ ਨਾਲ ਦੇਸ਼ ਬੁੱਢਾ ਹੋਣ ਤੋਂ ਪਹਿਲਾਂ ਅਮੀਰ ਨਹੀਂ ਬਣਨਾ।

ਇਹ ਕੇਹਾ ਵਿਕਸਤ ਭਾਰਤ ?

ਨਵੀਂ ਦਿੱਲੀ : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਐਤਵਾਰ ਮੋਦੀ ਸਰਕਾਰ ਦੇ ਕਾਰਜਕਾਲ ਦੌਰਾਨ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਵਾਧੇ ਨੂੰ ਲੈ ਕੇ ਹੈਰਾਨੀ ਜਤਾਈ ਕਿ ਇਹ ਕਿਸ ਤਰ੍ਹਾਂ ਦਾ 'ਵਿਕਸਤ ਭਾਰਤ' ਹੈ। ਖੜਗੇ ਨੇ 'ਐੱਕਸ' ਉੱਤੇ ਇੱਕ ਪੋਸਟ 'ਚ ਇੱਕ ਵੀਡੀਓ ਸਾਂਝੀ ਕੀਤੀ ਹੈ, ਜਿਸ 'ਚ 2014 'ਚ ਦੁੱਧ, ਪਿਆਜ਼, ਟਮਾਟਰ ਅਤੇ ਖੰਡ ਵਰਗੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੀ ਮੌਜੂਦਾ ਕੀਮਤਾਂ ਨਾਲ ਤੁਲਨਾ ਕੀਤੀ ਗਈ ਹੈ। ਕਾਂਗਰਸ ਪ੍ਰਧਾਨ ਨੇ ਵੀਡੀਓ ਦੇ ਨਾਲ ਲਿਖਿਆ—ਮਹਿੰਗਾਈ-ਅਰਥ ਸ਼ਾਸਤਰ, ਇਹ ਕਿਹੋ ਜਿਹਾ ਵਿਕਸਤ ਭਾਰਤ ਹੈ ? ਜਿੱਥੇ ਭਾਰਤੀ ਜਨਤਾ ਪਾਰਟੀ ਨੇ ਲੁੱਟ ਦੀ ਕਲਾ 'ਚ ਮੁਹਾਰਤ ਹਾਸਲ ਕਰ ਲਈ ਹੈ।

ਪਟਿਆਲ ਗਰੁੱਪ ਦੇ ਤਿੰਨ ਗੈਂਗਸਟਰ ਮੁਕਾਬਲੇ ਦੌਰਾਨ ਕਾਬੂ

ਮੋਗਾ, (ਅਮਰਜੀਤ ਬੱਬਰੀ)-ਐਤਵਾਰ ਸਵੇਰੇ ਪੁਲਸ ਤੇ ਗੈਂਗਸਟਰਾਂ ਵਿਚਾਲੇ ਫਾਇਰਿੰਗ ਦੌਰਾਨ ਪਟਿਆਲ ਗਰੁੱਪ ਦੇ ਤਿੰਨ ਗੈਂਗਸਟਰਾਂ ਨੂੰ ਕਾਬੂ ਲਿਆ ਗਿਆ। ਮੁਕਾਬਲਾ ਮੋਗਾ ਜ਼ਿਲ੍ਹੇ ਦੇ ਪਿੰਡ ਦੌਧਰ ਤੋਂ ਲੋਪੋ ਰੋਡ 'ਤੇ ਇਕ ਪੈਟਰੋਲ ਪੰਪ ਕੋਲ ਹੋਇਆ। ਪੁਲਸ ਦੇ ਗੈਂਗਸਟਰਾਂ ਨਾਲ ਹੋਏ ਮੁਕਾਬਲੇ 'ਚ ਅਸਲਾ ਵੀ ਬਰਾਮਦ ਹੋਇਆ ਹੈ।

ਡੀ ਐੱਸ ਪੀ ਹਰਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਉਹ ਨਾਕਾ ਲਾ ਕੇ ਚੈਕਿੰਗ ਕਰ ਰਹੇ ਸਨ ਤਾਂ ਤਿੰਨ ਲੋਕ ਮੋਟਰਸਾਈਕਲ 'ਤੇ ਆਏ। ਰੁਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਮੋਟਰਸਾਈਕਲ ਭਜਾਉਣ ਦੀ ਕੋਸ਼ਿਸ਼ ਕੀਤੀ। ਆਪਣੇ ਆਪ ਨੂੰ ਖਤਰੇ ਵਿਚ ਦੇਖ ਕੇ ਉਨ੍ਹਾਂ ਮੋਟਰਸਾਇਕਲ ਸੁੱਟ ਦਿੱਤਾ ਤੇ ਖੇਤਾਂ ਵੱਲ ਭੱਜ ਗਏ। ਪੁਲਸ ਨੇ ਪਿੱਛਾ ਕੀਤਾ ਤਾਂ ਉਨ੍ਹਾਂ ਫਾਇਰਿੰਗ ਸ਼ੁਰੂ ਕਰ ਦਿੱਤੀ। ਪੁਲਸ ਵੱਲੋਂ ਜਵਾਬੀ ਫਾਇਰਿੰਗ 'ਚ ਤਿੰਨਾਂ ਨੇ ਸਰੰਡਰ ਕਰ ਦਿੱਤਾ। ਤਿੰਨਾਂ ਦੀ ਪਛਾਣ ਸ਼ੰਕਰ ਰਾਜਪੂਤ, ਜਸ਼ਵ ਵਾਸੀ ਮੋਗਾ ਤੇ ਨਵਦੀਪ ਵਾਸੀ ਧਰਮਕੋਟ ਵਜੋਂ ਹੋਈ ਹੈ। ਇਹ ਤਿੰਨੋਂ ਮਨਦੀਪ ਧਾਲੀਵਾਲ ਤੇ ਲੱਕੀ ਪਟਿਆਲ ਵੱਲੋਂ ਚਲਾਏ ਜਾ ਰਹੇ ਬੰਬੀਹਾ ਗੈਂਗ ਗਰੁੱਪ ਦੇ ਮੈਂਬਰ ਹਨ। ਇਕ ਮੁਲਜ਼ਮ ਤੇ ਕੁਝ ਪੁਲਸ ਮੁਲਾਜ਼ਮਾਂ ਨੂੰ ਹਲਕੀਆਂ ਸੱਟਾਂ ਲੱਗੀਆਂ ਹਨ। ਗੈਂਗਸਟਰਾਂ ਨੂੰ ਸੀ ਆਈ ਏ ਸਟਾਫ ਮੋਗਾ ਦੇ ਇੰਚਾਰਜ ਦਲਜੀਤ ਸਿੰਘ ਤੇ ਬੱਧਨੀ ਪੁਲਸ ਨੇ ਕਾਬੂ ਕੀਤਾ।

ਅੱਜ-ਨਾਮਾ

ਫੜਿਆ ਬੀ ਡੀ ਓ ਕਿਸੇ ਥਾਂ ਫੇਰ ਕਹਿੰਦੇ,
ਛਕ ਗਿਆ ਸੁਣੀਂਦਾ ਬੜਾ ਸੀ ਮਾਲ ਬੇਲੀ।
ਇਕੱਲੇ ਹੱਡ ਨਹੀਂ ਚੁੱਕਿਆ ਹੋਊ ਸੁਣਿਆ,
ਸਿਆਸੀ ਆਗੂ ਵੀ ਮਿਲੇ ਕੁਝ ਨਾਲ ਬੇਲ

18-DEC-PAGE-1.qxd 12/17/2023 10:13 PM Page 2

ਵਿਜੇ ਦਿਵਸ ਮੌਕੇ ਸ਼ਹੀਦਾਂ ਨੂੰ ਸ਼ਰਧਾਂਜਲੀ

ਫਾਜ਼ਿਲਕਾ (ਕ੍ਰਿਸ਼ਨ ਸਿੰਘ)- ਵਿਜੇ ਦਿਵਸ ਮੌਕੇ ਫਾਜ਼ਿਲਕਾ ਫੌਜ ਦੇ ਬ੍ਰਿਗੇਡੀਅਰ ਤੇ ਫੌਜ ਦੇ ਅਧਿਕਾਰੀਆਂ ਨੇ ਫਾਜ਼ਿਲਕਾ ਵਾਰ ਮੈਮੋਰੀਅਲ ਵਿਖੇ 1971 ਦੀ ਜੰਗ 'ਚ ਸ਼ਹੀਦ ਹੋਏ 3 ਅਸਾਮ ਰੈਜੀਮੈਂਟ ਅਤੇ ਬੀ.ਐੱਸ.ਐੱਫ. ਦੇ 47 ਜਵਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਫਾਜ਼ਿਲਕਾ ਵਾਰ ਮੈਮੋਰੀਅਲ ਦੇ ਪ੍ਰਧਾਨ ਉਮੇਸ਼ ਕੁਮਾਰ ਤੇ ਜਨਰਲ ਸਕੱਤਰ ਰੁਪੇਸ਼ ਬਾਂਸਲ ਅਤੇ ਫਾਜ਼ਿਲਕਾ ਵਾਰ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਦੀ ਸਮੁੱਚੀ ਟੀਮ ਨੇ ਚੱਕਰ ਲਗਾ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਪੱਕਾ ਚਿਸਤੀ ਤੋਂ ਫਾਜ਼ਿਲਕਾ ਵਾਰ ਮੈਮੋਰੀਅਲ ਤੱਕ 1800 ਮੀਟਰ ਮੈਰਾਥਨ ਦੌੜ ਵੀ ਕਰਵਾਈ ਗਈ, ਜਿਸ ਵਿੱਚ ਸਰਕਾਰੀ ਹਾਈ ਸਕੂਲ ਪੱਕਾ ਚਿਸਤੀ ਦੇ ਬੱਚਿਆਂ ਤੇ ਸ਼ਹੀਦ ਭਗਤ ਸਿੰਘ ਯੂਥ ਕਲੱਬ ਪੱਕਾ ਚਿਸਤੀ ਦੇ ਲੜਕੇ-ਲੜਕੀਆਂ ਨੇ ਭਾਗ ਲਿਆ। ਪਹਿਲੇ, ਦੂਜੇ ਤੇ ਤੀਜੇ ਨੰਬਰ 'ਤੇ ਆਉਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਫਾਜ਼ਿਲਕਾ ਵਾਰ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਦੇ ਮੈਂਬਰ ਪੰਕਜ ਮਿੱਢਾ, ਰਾਹੁਲ ਕੁਮਾਰ, ਰਿੰਕੂ ਕੁਮਾਰ, ਅਮਨ ਰਾਜਪੂਤ, ਸਾਹਿਲ ਕੁਮਾਰ, ਜਸਵੰਤ ਪ੍ਰਜਾਪਤੀ, ਹਿਤੇਸ਼ ਬਾਂਸਲ, ਅੰਕੁਰ ਗੁੰਬਰ, ਚੇਤਨ ਖੁਰਾਣਾ, ਇੰਕਲਾਬ ਪੱਕਾ ਚਿਸਤੀ, ਜਸਪ੍ਰੀਤ ਪੱਕਾ ਚਿਸਤੀ ਤੇ ਹੋਰ ਮੌਂਬਰ ਹਾਜ਼ਰ ਸਨ।

ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨ ਦੀ ਮੌਤ

ਮਾਨਸਾ (ਪਮਾਰ)-ਨਸ਼ਾ ਵਿਰੋਧੀ ਵੈਕਸੀਨ ਕਮੇਟੀ ਦੇ ਕਨਵੀਨਰ ਕਾ. ਰਾਜਵਿੰਦਰ ਰਾਣਾ ਤੇ ਮਜ਼ਦੂਰ ਮੁਕਤੀ ਮੋਰਚਾ ਦੇ ਆਗੂ ਗਿਆਨੀ ਦਰਸ਼ਨ ਸਿੰਘ ਕੋਟ ਫੱਤਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਕੋਟ ਫੱਤਾ ਵਿੱਚ ਚਿੱਟੇ ਦਾ ਟੀਕਾ ਲਗਾਉਣ ਕਾਰਨ 20 ਸਾਲਾਂ ਦੇ ਨੌਜਵਾਨ ਗੁਰਸੇਵਕ ਸਿੰਘ ਪੁੱਤਰ ਰਾਮ ਸਿੰਘ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਹ ਨੌਜਵਾਨ ਗਰੀਬ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਆਗੂਆਂ ਨੇ ਕਿਹਾ ਕਿ ਚਿੱਟੇ ਦੀ ਓਵਰਡੋਜ਼ ਕਾਰਨ ਰੋਜ਼ਾਨਾ ਨੌਜਵਾਨਾਂ ਦੀਆਂ ਮੌਤਾਂ ਹੋਣ ਦਾ ਸਿਲਸਿਲਾ ਰੁਕ ਨਹੀਂ ਰਿਹਾ। ਉਨ੍ਹਾਂ ਦੋਸ਼ ਲਗਾਇਆ ਕਿ ਚਿੱਟੇ ਦੇ ਤਸਕਰਾਂ ਨਾਲ ਪੁਲਸ ਦੇ ਗੂੜ੍ਹੇ ਸਬੰਧ ਬਣੇ ਹੋਏ ਹਨ, ਜਿਸ ਕਾਰਨ ਚਿੱਟੇ ਦੇ ਤਸਕਰਾਂ 'ਤੇ ਕੋਈ ਠੋਸ ਕਾਰਵਾਈ ਨਹੀਂ ਹੋ ਰਹੀ। ਮਾਨ ਸਰਕਾਰ ਨੇ ਵੋਟਾਂ ਵੇਲੇ ਵਾਅਦਾ ਕੀਤਾ ਸੀ ਕਿ ਜਿਸ ਥਾਣੇ ਅਧੀਨ ਕਿਸੇ ਵੀ ਨੌਜਵਾਨ ਦੀ ਚਿੱਟੇ ਕਾਰਨ ਮੌਤ ਹੁੰਦੀ ਹੈ, ਉਸ ਥਾਣੇ ਦਾ ਮੁਖੀ ਜ਼ਿੰਮੇਵਾਰ ਹੋਵੇਗਾ ਤੇ ਉਸ 'ਤੇ ਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇਸ ਗਰੀਬ ਪਰਿਵਾਰ ਦੀ ਢੁੱਕਵੀਂ ਆਰਥਿਕ ਸਹਾਇਤਾ ਕੀਤੀ ਜਾਵੇ।

ਪੈਨਸ਼ਨਰ ਦਿਵਸ ਮਨਾਇਆ

ਬਰੇਟਾ (ਗੋਬਿੰਦ ਸ਼ਰਮਾ)- ਮੁਲਾਜ਼ਮ ਕਲੋਨੀ ਬਰੇਟਾ ਦੇ ਕਮਿਊਨਿਟੀ ਸੈਂਟਰ ਵਿਖੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨਰ ਦਿਵਸ ਮਨਾਇਆ ਗਿਆ। ਸਮਾਗਮ ਦੇ ਸ਼ੁਰੂ ਵਿੱਚ ਇਸ ਸਾਲ ਸਦੀਵੀ ਵਿਛੋੜਾ ਦੇ ਗਏ ਸਾਥੀ ਹਰੀ ਸਿੰਘ ਬਹਾਦਰਪੁਰ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਤੋਂ ਬਾਅਦ ਸਕੱਤਰ ਕ੍ਰਿਸ਼ਨ ਰੰਘੜਿਆਲ ਨੇ ਸਾਲਾਨਾ ਰਿਪੋਰਟ ਪੇਸ਼ ਕੀਤੀ। ਇਸ ਬਾਰੇ ਹਾਜ਼ਰ ਮੈਂਬਰਾਂ ਨੇ ਵਿਚਾਰ ਚਰਚਾ ਕੀਤੀ। ਬੁਲਾਰਿਆਂ ਨੇ ਅੱਜ ਦੀ ਹਕੂਮਤ ਵੱਲੋਂ ਪੈਨਸ਼ਨ ਨੂੰ ਖਤਮ ਕਰਨ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਗਟ ਕੀਤਾ। ਉਨ੍ਹਾਂ ਸਵਾਲ ਕੀਤਾ ਕਿ ਜੇ ਪੰਜ ਸਾਲ ਲਈ ਚੁਣੇ ਵਿਧਾਇਕਾਂ ਤੇ ਸੰਸਦ ਮੈਂਬਰਾਂ ਨੂੰ ਪੈਨਸ਼ਨ ਦਿੱਤੀ ਜਾਂਦੀ ਹੈ ਤਾਂ ਤੀਹ-ਪੈਂਤੀ ਸਾਲ ਸੇਵਾ ਕਰਨ ਵਾਲੇ ਮੁਲਾਜ਼ਮ ਤੋਂ ਇਹ ਸਹੂਲਤ ਕਿਉਂ ਖੋਹੀ ਗਈ ਹੈ? ਇਸ ਸਮਾਗਮ ਵਿੱਚ ਹਾਜ਼ਰ ਮੈਂਬਰਾਂ ਨੇ ਸਮਾਜਕ ਕੰਮਾਂ ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦੇ ਨਾਲ ਨਾਲ ਪੈਨਸ਼ਨਰਾਂ ਦੇ ਸੰਘਰਸ਼ ਵਿੱਚ ਵੀ ਵਧ ਚੜ੍ਹ ਕੇ ਹਿੱਸਾ ਲੈਣ ਦਾ ਐਲਾਨ ਕੀਤਾ। ਇਸ ਮੌਕੇ ਨਵੰਬਰ ਤੇ ਦਸੰਬਰ ਮਹੀਨੇ ਵਿੱਚ ਜਨਮ ਦਿਨ ਵਾਲੇ ਸਾਥੀਆਂ ਨੂੰ ਸਨਮਾਨਤ ਕੀਤਾ ਗਿਆ, ਨਾਲ ਹੀ ਇਸ ਸਾਲ 65,70,75,80,85,90 ਤੇ 95 ਸਾਲ ਦੀ ਉਮਰ ਪੂਰੀ ਕਰਨ ਵਾਲੇ ਮੈਂਬਰਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਸਮਾਗਮ ਦੇ ਅੰਤ ਵਿੱਚ ਪ੍ਰਧਾਨ ਸ੍ਰ. ਮੇਲਾ ਸਿੰਘ ਮੰਡੇਰ ਨੇ ਸਮਾਗਮ ਨੂੰ ਸਫਲ ਬਣਾਉਣ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਇਲਾਕੇ ਦੇ ਪੈਨਸ਼ਨਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਐਸੋਸੀਏਸ਼ਨ ਨਾਲ ਜੁੜਨ ਦੀ ਅਪੀਲ ਕੀਤੀ।

ਚੋਰੀ ਦੇ ਮੋਟਰਸਾਈਕਲਾਂ ਸਮੇਤ ਦੋ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਚੋਰੀ ਦੇ ਦੋ ਮੋਟਰਸਾਈਕਲਾਂ ਸਮੇਤ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਅਯੂਬ ਮਸੀਹ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸਬੰਧੀ ਜ਼ੀਰਾ ਗੇਟ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਆਨ ਜੀਵਨ ਸਿੰਘ ਉਰਫ ਜੀਵਨੀ ਪੁੱਤਰ ਕਾਲਾ ਚੌਕੀਦਾਰ ਵਾਸੀ ਪਿੰਡ ਸ਼ੇਰ ਖਾਂ ਤੇ ਰਵੀ ਪੁੱਤਰ ਤਰਸੇਮ ਵਾਸੀ ਪਿੰਡ ਬੱਧਨੀ ਜੈਮਲ ਸਿੰਘ ਵਾਲੀ ਮੋਟਰਸਾਈਕਲ ਚੋਰੀ ਕਰਕੇ ਅੱਗੇ ਵੇਚਣ ਦੇ ਆਦੀ ਹਨ, ਜੋ ਹੁਣ ਵੀ ਦਾਣਾ ਮੰਡੀ ਦੀ ਬੈਕਸਾਈਡ ਖੜੇ ਹਨ ਤੇ ਮੋਟਰਸਾਈਕਲ ਵੇਚਣ ਲਈ ਗਾਹਕਾਂ ਦੀ ਉਡੀਕ ਕਰ ਰਹੇ ਹਨ। ਉਪਰਤ ਪੁਲਸ ਪਾਰਟੀ ਨੇ ਦੋਸ਼ੀਆਨ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਤੇ ਮੌਕੇ 'ਤੇ 2 ਮੋਟਰਸਾਈਕਲ ਹੀਰੋ ਸਪਲੈਂਡਰ ਬਰਾਮਦ ਹੋਏ। ਪੁਲਸ ਨੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਕੇਂਦਰੀ ਜੇਲ੍ਹ 'ਚੋਂ ਮੋਬਾਇਲ ਫੋਨ ਤੇ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਤਲਾਸ਼ੀ ਦੌਰਾਨ 1 ਮੋਬਾਇਲ ਫੋਨ ਤੇ 38 ਨਸ਼ੀਲੇ ਜਾਪਦੇ ਕੈਪਸੂਲ ਬਰਾਮਦ ਹੋਏ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਹਵਾਲਾਤੀ ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 14628 ਰਾਹੀਂ ਨਿਰਮਲਜੀਤ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਗੁਪਤ ਸੂਚਨਾ ਦੇ ਆਧਾਰ 'ਤੇ ਬਲਾਕ ਨੰਬਰ 1 ਦੀ ਬੈਰਕ ਨੰਬਰ 3 ਦੀ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਸੁਖਵਿੰਦਰ ਸਿੰਘ ਉਰਫ ਬਿੱਟੂ ਪੁੱਤਰ ਮਾਘ ਸਿੰਘ ਵਾਸੀ ਪੱਤਰੇ ਵਾਲਾ ਥਾਣਾ ਸਦਰ ਅਬੋਹਰ ਜ਼ਿਲ੍ਹਾ ਫਾਜ਼ਿਲਕਾ ਕੋਲੋਂ 1 ਮੋਬਾਇਲ ਫੋਨ ਸੈਮਸੰਗ ਬਰਾਮਦ ਹੋਇਆ ਤੇ ਬੈਰਕ ਅੰਦਰ ਪਏ ਕੂੜੇ ਦੇ ਪੀਪੇ ਵਿੱਚੋਂ 38 ਨਸ਼ੀਲੇ ਕੈਪਸੂਲ ਬਰਾਮਦ ਹੋਏ।

ਵਿਦਿਆਰਥੀਆਂ ਮਨਾਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ

ਮੋਗਾ (ਅਮਰਜੀਤ ਬੱਬਰੀ) ਐਸਐਚਸੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਸ੍ਰੀ ਪਾਲਾ ਸਿੰਘ ਗੁਰਦੁਆਰਾ ਕੜਿਆਲ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ।ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਵਸ ਮੌਕੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਗੁਰਦੁਆਰਾ ਸਾਹਿਬ ਲਿਆਂਦਾ ਗਿਆ, ਜਿੱਥੇ ਬੱਚਿਆਂ ਨੇ ਸ਼ਰਧਾ ਨਾਲ ਕੀਰਤਨ ਸਰਵਨ ਕੀਤਾ।ਸਕੂਲ ਡਰੈਕਟਰ ਪ੍ਰਦੀਪ ਪਾਂਡੇ ਦੀ ਅਗਵਾਈ ਹੇਠ ਇਹ ਟੂਰ ਕੀਤਾ ਗਿਆ।ਪ੍ਰਦੀਪ ਪਾਂਡੇ ਨੇ ਬੱਚਿਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਜਾਣੂ ਕਰਾਇਆ ਅਤੇ ਕਿਹਾ ਕਿ ਸਾਰੇ ਧਰਮ ਸਮਾਨ ਹਨ ਅਤੇ ਸਾਨੂੰ ਸਾਰੇ ਧਰਮਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ।ਸਕੂਲ ਦੇ ਸੀਈਓ ਅਭਿਸ਼ੇਕ ਜਿੰਦਲ ਤੇ ਪ੍ਰਿੰਸੀਪਲ ਸ੍ਰੀਮਤੀ ਸ਼ੀਨਮ ਜਿੰਦਲ ਨੇ ਗੁਰੂ ਜੀ ਨੂੰ ਸ਼ਰਧਾ ਦੇ ਫੁਲ ਭੇਟ ਕੀਤੇ ਅਤੇ ਬੱਚਿਆਂ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ 'ਤੇ ਚਲਣ ਲਈ ਪ੍ਰੇਰਿਤ ਕੀਤਾ।

ਸਟੈਨ.ਫੋਰਡ ਇੰਟਰਨੈਸ਼ਨਲ ਸਕੂਲ ਦੇ ਅਧਿਆਪਕ ਸਨਮਾਨਤ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਸਟੈਨਫੋਰਡ ਇੰਟਰਨੈਸ਼ਨਲ ਸਕੂਲ ਚੰਨਣਵਾਲ ਵਿਖੇ ਅਧਿਆਪਕਾਂ ਨੂੰ ਯੂ.ਈ.ਓ. ਹਰਿਆਣਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਅਧਿਆਪਨ ਕਿੱਤੇ 'ਚ ਸਮਰਪਤ ਭਾਵਨਾ ਨਾਲ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਅਧਿਆਪਕ ਸਵਰਾਜ ਸਿੰਘ, ਗੁਰਲਾਲ ਸਿੰਘ, ਪੂਜਾ ਸ਼ਰਮਾ, ਰਮਨ ਰਾਣੀ ਨੂੰ ਇਹ ਪੁਰਸਕਾਰ ਯੂਨੀਵਰਸਲ ਐਜੂਕੇਸ਼ਨ ਸੰਸਥਾ ਵੱਲੋਂ ਪ੍ਰਦਾਨ ਕੀਤਾ ਗਿਆ ਹੈ।

ਇਸ ਪ੍ਰਾਪਤੀ 'ਤੇ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਡਾ. ਚਮਕੌਰ ਸਿੰਘ ਗਰੇਵਾਲ ਤੇ ਤਪਿੰਦਰ ਸਿੰਘ ਗਰੇਵਾਲ, ਪ੍ਰਿੰ. ਪ੍ਰਦੀਪ ਕੌਰ ਗਰੇਵਾਲ ਨੇ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

ਜੌੜਾਮਾਜਰਾ ਵੱਲੋਂ 38 ਲੱਖ ਰੁਪਏ ਨਾਲ ਉਸਾਰੇ ਕਮਿਊਨਿਟੀ ਸੈਂਟਰ ਦਾ ਉਦਘਾਟਨ

ਸਮਾਣਾ, ਪਟਿਆਲਾ, (ਗੁਰਪਿਆਰ ਸਿੰਘ ਬੱਲ)-ਸੂਚਨਾ ਤੇ ਲੋਕ ਸੰਪਰਕ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਪਿੰਡ ਕਰਤਾਰਪੁਰ ਵਿਖੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ 38 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਨਵੇਂ ਮੇਜਰ ਗੁਰਦਿਆਲ ਸਿੰਘ ਸਿੱਧੂ ਕਮਿਊਨਿਟੀ ਸੈਂਟਰ ਦਾ ਉਦਘਾਟਨ ਕੀਤਾ। ਉਨ੍ਹਾਂ ਨੇ 3.5 ਲੱਖ ਰੁਪਏ ਦੀ ਲਾਗਤ ਨਾਲ ਸਿੱਧੂ ਪਰਵਾਰ ਵੱਲੋਂ ਬਣਵਾਏ ਗਏ ਮੇਜਰ ਗੁਰਦਿਆਲ ਸਿੰਘ ਸਿੱਧੂ ਯਾਦਗਾਰੀ ਗੇਟ ਦਾ ਵੀ ਉਦਘਾਟਨ ਕੀਤਾ। ਕੈਬਨਿਟ ਮੰਤਰੀ ਜੌੜਾਮਾਜਰਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪੰਜਾਬ ਦੀ ਬਿਹਤਰੀ ਲਈ ਕਦੇ ਵੀ ਗੰਭੀਰਤਾ ਨਹੀਂ ਵਿਖਾਈ, ਜਿਸ ਕਰਕੇ ਸੂਬੇ ਦੀ ਹਾਲਤ ਅਜਿਹੀ ਹੋਈ, ਜਿਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਹਾਕਿਆਂ ਪੁਰਾਣੀ ਉਲਝੀ ਤਾਣੀ ਨੂੰ ਸੁਲਝਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦਾ ਚਹੁਤਰਫ਼ਾ ਵਿਕਾਸ ਹੋ ਰਿਹਾ ਹੈ ਤੇ ਹਰ ਵਰਗ ਦੀ ਭਲਾਈ ਲਈ ਸਕੀਮਾਂ ਨੂੰ ਸਫ਼ਲਤਾ ਪੂਰਵਕ ਲਾਗੂ ਕੀਤਾ ਗਿਆ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੁੱਚੇ ਪੰਜਾਬ ਦੇ ਪਿੰਡਾਂ ਸਮੇਤ ਸਮਾਣਾ ਹਲਕੇ ਦੇ ਵੀ ਸਾਰੇ ਪਿੰਡਾਂ ਦੀ ਬਿਹਤਰੀ ਤੇ ਵਿਕਾਸ ਲਈ ਵਿਸ਼ੇਸ਼ ਯੋਜਨਾ ਉਲੀਕੀ ਹੈ, ਜਿਸ ਉਪਰ ਤੇਜ਼ੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਰਣੀਕੇ ਨੂੰ ਦੁਬਾਰਾ ਐੱਸ.ਸੀ ਵਿੰਗ ਦਾ ਪ੍ਰਧਾਨ ਬਣਾਉਣ 'ਤੇ ਖੁਸ਼ੀ ਦਾ ਇਜ਼ਹਾਰ

ਮਹਿਲ ਕਲਾਂ, (ਪ੍ਰਦੀਪ ਸਿੰਘ ਲੋਹਗੜ੍ਹ) ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦੇ ਪ੍ਰਧਾਨ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੂੰ ਦੁਬਾਰਾ ਸ਼੍ਰੋਮਣੀ ਅਕਾਲੀ ਦਲ ਐਸ ਸੀ ਵਿੰਗ ਦਾ ਪ੍ਰਧਾਨ ਬਣਾਏ ਜਾਣ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਰਿੰਕਾ ਕੁਤਬਾ ਬਾਹਮਣੀਆਂ ਦੀ ਅਗਵਾਈ ਹੇਠ ਲੱਡੂ ਵੰਡ ਕੇ ਸਮੁੱਚੀ ਟੀਮ ਨੇ ਖੁਸ਼ੀ ਮਨਾਈ ਗਈ। ਸਾਬਕਾ ਸਰਪੰਚ ਰਾਜ ਸਿੰਘ ਭਾਂਬੜ, ਅਵਤਾਰ ਸਿੰਘ, ਨਿਰਮਲ ਸਿੰਘ, ਹਾਕਮ ਸਿੰਘ, ਲੱਖਾ ਸਿੰਘ, ਪਰਮਜੀਤ ਸਿੰਘ ਪ੍ਰਧਾਨ ਦਸਮੇਸ਼ ਟੈਂਪੂ ਯੂਨੀਅਨ ਨੇ ਕਿਹਾ ਜਥੇਦਾਰ ਗੁਲਜ਼ਾਰ ਸਿੰਘ ਰਣੀਕੇ ਨੂੰ ਦੁਬਾਰਾ ਪ੍ਰਧਾਨ ਬਣਾਉਣ ਨਾਲ ਸਮੂਹ ਐਸ ਸੀ ਵਰਗ ਦੇ ਲੋਕਾਂ ਨੂੰ ਬੇਹੱਦ ਮਾਣ ਸਤਿਕਾਰ ਮਿਲਿਆ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਆਜ਼ਾਦ) ਨੇ ਵੱਡੇ ਸੰਘਰਸ਼ਾਂ ਵਜੋਂ ਤਿਆਰ ਰਹਿਣ ਦਾ ਦਿੱਤਾ ਸੱਦਾ

ਲੌਂਗੋਵਾਲ, (ਪ੍ਰਦੀਪ ਸਿੰਘ ਸੱਪਲ) ਭਾਰਤੀ ਕਿਸਾਨ ਯੂਨੀਅਨ ਏਕਤਾ (ਅਜ਼ਾਦ) ਦੀ ਬਲਾਕ ਸੰਗਰੂਰ ਦੀ ਮੀਟਿੰਗ ਪਿੰਡ ਕਿਲ੍ਹਾ ਭਰੀਆਂ ਗੁਰਦੁਆਰਾ ਸਾਹਿਬ ਗੰਗਸਰ ਸਾਹਿਬ ਵਿਖੇ ਬਲਾਕ ਪ੍ਰਧਾਨ ਦਰਵਾਰਾ ਸਿੰਘ ਲੋਹਾਖੇੜਾ ਦੀ ਪ੍ਰਧਾਨਗੀ 'ਚ ਕੀਤੀ ਗਈ। ਮੀਟਿੰਗ ਦੌਰਾਨ ਸੂਬਾ ਕਾਰਜਕਾਰੀ ਆਗੂ ਜਸਵਿੰਦਰ ਸਿੰਘ ਲੌਂਗੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਜਸਵਿੰਦਰ ਸਿੰਘ ਲੌਂਗੋਵਾਲ ਨੇ ਬੋਲਦਿਆ ਕਿਹਾ ਕਿ ਭਾਰਤ ਪੱਧਰੀ ਮੰਗਾਂ ਨੂੰ ਲੈ ਕੇ ਕੇਂਦਰ ਸਰਕਾਰ ਕੋਲੋਂ ਕਿਸਾਨਾਂ ਮਜ਼ਦੂਰਾ ਦੀਆਂ ਹੱਕੀ ਮੰਗਾਂ ਮੰਨਵਾਉਣ ਅਤੇ ਦਿੱਲੀ ਮੋਰਚੇ ਦੌਰਾਨ ਮੰਨੀਆਂ ਮੰਗਾਂ ਲਾਗੂ ਕਰਾਉਣ ਲਈ ਵੱਡੇ ਸੰਘਰਸ਼ਾਂ ਦੀ

18-Dec-PAGE-3.qxd 12/17/2023 10:39 PM Page 1

ਕਾਮਰੇਡ ਮੁਖਤਿਆਰ ਸਿੰਘ ਨੂੰ ਦੂਸਰੀ ਬਰਸੀ 'ਤੇ ਸਿਧਾਂਤਕ ਸਕੂਲ ਲਾ ਕੇ ਸ਼ਰਧਾਂਜਲੀ

ਮੁਕਤਸਰ (ਨ ਜ਼ ਸ)- ਕਾਮਰੇਡ ਮੁਖਤਿਆਰ ਸਿੰਘ ਦੀ ਦੂਸਰੀ ਬਰਸੀ ਉਹਨਾ ਦੇ ਜੱਦੀ ਪਿੰਡ ਖੂਨਣ ਕਲਾਂ ਵਿਖੇ ਨੌਜਵਾਨ/ਵਿਦਿਆਰਥੀਆਂ ਦਾ ਸਿਧਾਂਤਕ ਸਕੂਲ ਲਗਾ ਕੇ ਮਨਾਈ ਗਈ, ਜਿਸ ਵਿਚ ਇਕਾਲੇ ਭਰ ਤੋਂ ਵੱਡੀ ਗਿਣਤੀ 'ਚ ਨੌਜਵਾਨਾਂ-ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਕੈਂਪ ਦਾ ਉਦਘਾਟਨ ਸੀ ਪੀ ਆਈ ਦੇ ਸਟੇਟ ਐਗਜ਼ੈਕਟਿਵ ਮੈਂਬਰ ਕੁਲਦੀਪ ਸਿੰਘ ਭੋਲਾ ਨੇ ਕੀਤਾ। ਉਹਨਾ ਕਾਮਰੇਡ ਮੁਖਤਿਆਰ ਸਿੰਘ ਨੂੰ ਸ਼ਰਧਾਂਜਲੀ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਕਾਮਰੇਡ ਤੇਜਾ ਸਿੰਘ ਸੁਤੰਤਰ ਦੀ ਅਗਵਾਈ 'ਚ ਚੱਲੀ ਮੁਜ਼ਾਰਾ ਲਹਿਰ ਦਾ ਕਾਮਰੇਡ ਮੁਖਤਿਆਰ ਸਿੰਘ ਇਸ ਇਲਾਕੇ 'ਚ ਪ੍ਰਮੁੱਖ ਆਗੂ ਸੀ। ਜਿੱਥੇ ਉਹਨਾ ਇਸ ਇਕਾਲੇ 'ਚ ਕਮਿਊਨਿਸਟ ਪਾਰਟੀ ਨੂੰ ਜੱਥੇਬੰਦ ਕਰਨ 'ਚ ਅਹਿਮ ਭੂਮਿਕਾ ਨਿਭਾਈ, ਉਥੇ ਉਹਨਾ ਪਿੰਡ ਦੇ ਸਰਪੰਚ ਵਜੋਂ ਪਿੰਡ ਦੇ ਬੁਨਿਆਦੀ ਢਾਂਚੇ ਸਕੂਲ, ਸੜਕਾਂ, ਪਾਣੀ, ਬਿਜਲੀ, ਗੰਦੇ ਪਾਣੀ ਦੇ ਨਿਕਾਸ ਵਰਗੇ ਅਨੇਕ ਅਹਿਮ ਕੰਮ ਕਰਕੇ ਪਿੰਡ ਦੀ ਸ਼ਾਨ ਬਣੇ। ਅੱਜ ਜਦੋਂ ਆਪਾਂ ਉਹਨਾ ਦੀ ਦੂਸਰੀ ਬਰਸੀ 'ਤੇ ਜੁੜੇ ਹਾਂ ਤਾਂ ਦੇਸ਼ ਦੀ ਸੱਤਾ ਉੱਪਰ ਕਾਬਜ਼ ਵੰਡਵਾਦੀ ਤਾਕਤਾਂ ਜਿਥੇ ਭਾਈਚਾਰਕ ਸਾਂਝ ਨੂੰ ਸੱਟ ਮਾਰ ਰਹੀਆਂ ਹਨ, ਉਥੇ ਜਲ, ਜ਼ਮੀਨ, ਜੰਗਲਾਂ ਉੱਪਰ ਕਾਰਪੋਰੇਟ ਘਰਾਣਿਆਂ ਦੇ ਕਬਜ਼ੇ ਲਈ ਦਲਾਲਾਂ ਵਾਲਾ ਰੋਲ ਅਦਾ ਕਰ ਰਹੀਆਂ ਹਨ।

ਕੈਂਪ ਦੇ ਮੁੱਖ ਵਕਤਾ ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਲਾਹਕਾਰ ਕਾਮਰੇਡ ਜਗਰੂਪ ਸਿੰਘ ਨੇ ਨੌਜਵਾਨਾਂ-ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਮੁਖਤਿਆਰ ਸਿੰਘ ਸੱਚੇ-ਸੁੱਚੇ

ਕਮਿਊਨਿਸਟ ਸਨ, ਜਿਨ੍ਹਾਂ ਆਪਣੀ ਪੂਰੀ ਜ਼ਿੰਦਗੀ ਮਨੁੱਖਤਾ ਦੀ ਭਲਾਈ ਲਈ ਕਾਰਜ ਕਰਦਿਆਂ ਬਿਤਾਈ। ਅੱਜ ਦੇ ਹਾਲਾਤ 'ਤੇ ਚਿੰਤਾ ਜ਼ਾਹਰ ਕਰਦਿਆਂ ਬਾਈ ਜਗਰੂਪ ਨੇ ਕਿਹਾ ਕਿ ਭਾਰਤ ਦਾ ਆਰਥਿਕ ਪਾੜਾ ਲਗਾਤਾਰ ਵਧਦਾ ਜਾ ਰਿਹਾ ਹੈ। ਉਹਨਾ ਵਿਦਿਆਰਥੀਆਂ ਨੂੰ ਇਤਿਹਾਸਕ ਪਦਾਰਥਵਾਦ ਵਿਸ਼ਾ ਪੜ੍ਹਾਉਂਦਿਆਂ ਕਿਹਾ ਕਿ ਜੇ ਇਤਿਹਾਸ 'ਤੇ ਝਾਤੀ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਅੱਗ, ਪਹੀਆ, ਬੋਲੀ, ਭਾਸ਼ਾ, ਲੋਹਾ ਆਦਿ ਸਾਂਝੇ ਮਨੁੱਖੀ ਉੱਦਮ ਦੀ ਦੇਣ ਹਨ। ਅੱਜ ਵੀ ਇਹ ਚੀਜ਼ਾਂ ਪੈਦਾਵਾਰ ਦੇ ਭੰਡਾਰ ਪੈਦਾ ਕਰਨ 'ਚ ਉੱਘਾ ਰੋਲ ਅਦਾ ਕਰ ਰਹੀਆ ਹਨ, ਪਰ ਸਰਕਾਰਾਂ ਦੀਆਂ ਨੀਤੀਆਂ ਦਾ ਸਿੱਟਾ ਹੈ ਕਿ ਕਾਣੀਵੰਡ ਦਿਨੋਂ-ਦਿਨ ਵਧਦੀ ਤੁਰੀ ਜਾ ਰਹੀ ਹੈ, ਕੰਮ ਕਰਨ ਵਾਲੇ ਲੋਕਾਂ ਕੋਲ ਕੁੱਲ ਦੌਲਤ ਦਾ ਸਿਰਫ 23 ਫੀਸਦੀ ਹਿੱਸਾ ਹੀ ਰਹਿ ਗਿਆ ਹੈ। ਭਾਰਤ ਦੇ ਸਿਰਫ 10 ਘਰਾਣਿਆਂ ਕੋਲ ਕੁੱਲ ਦੌਲਤ ਦਾ 77 ਫੀਸਦੀ ਤੋਂ ਜ਼ਿਆਦਾ ਇਕੱਠਾ ਹੋਣਾ ਦੇਸ ਵਾਸਤੇ ਚਿੰਤਾਜਨਕ ਹੈ। ਪੈਦਾਵਾਰ ਦੇ ਖੇਤਰ 'ਚ ਉੱਚ ਤਕਨੀਕ ਦੀ ਦੁਰਵਤੋਂ ਦਾ ਸਿੱਟਾ ਹੈ ਕਿ ਵੱਡੀ ਗਿਣਤੀ 'ਚ ਲੋਕਾਂ ਨੂੰ ਕੰਮ ਤੋਂ ਜਵਾਬ ਹੈ। ਅੱਜ ਨਕਲੀ ਬੌਧਿਕਤਾ(ਵਰਗੀ ਤਕਨੀਕ ਦੇ ਯੁੱਗ 'ਚ ਡਾਕਟਰ, ਵਕੀਲ, ਅਧਿਆਪਨ ਆਦਿ ਕਿੱਤਿਆ ਨਾਲ ਜੁੜੇ ਲੋਕਾਂ 'ਚ ਚਿੰਤਾ ਪਾਈ ਜਾ ਰਹੀ ਹੈ ਕਿ ਆਉਣ ਵਾਲੇ ਸਮੇਂ ਉਹਨਾਂ ਦੇ ਭਵਿੱਖ ਦਾ ਕੀ ਬਣੇਗਾ। ਅਜਿਹੇ ਹਾਲਾਤ 'ਚ ਲੁਟੇਰੇ ਪੱਖੀ ਪ੍ਰਬੰਧ ਦਾ ਅੰਤ ਅਤੇ ਲੋਕਪੱਖੀ ਪ੍ਰਬੰਧ, ਸਮਾਜਵਾਦੀ ਦੀ ਲੋੜ ਉੱਭਰ ਕੇ ਸਾਹਮਣੇ ਆ ਰਹੀ ਹੈ। ਅਜਿਹੇ ਪ੍ਰਬੰਧ ਦੀ ਸਿਰਜਣਾ ਤੇ ਉਹਦੇ ਲਈ ਮੈਦਾਨ ਮੱਲਣਾ ਹੀ ਕਾਮਰੇਡ ਮੁਖਤਿਆਰ ਸਿੰਘ ਵਰਗਿਆਂ ਨੂੰ ਸੱਚੀ ਸ਼ਰਧਾਂਜਲੀ ਹੈ। ਇਸ ਮੌਕੇ ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾਈ ਆਗੂ ਕਰਨਵੀਰ ਬੱਧਨੀ ਨੇ ਕਿਹਾ ਕਿ ਵਿੱਦਿਆ ਅਤੇ ਰੁਜ਼ਗਾਰ ਹਰ ਇੱਕ ਲਈ ਜ਼ਰੂਰੀ ਹੈ, ਇਸ ਤੋਂ ਬਿਨਾਂ ਕਿਸੇ ਦਾ ਗੁਜ਼ਾਰਾ ਨਹੀਂ। ਉਹਨਾਂ ਸੱਦਾ ਦਿੰਦਿਆਂ ਕਿਹਾ ਕਿ ਦੇਸ਼ ਦੇ ਨੌਜਵਾਨ 23 ਦਸੰਬਰ ਨੂੰ ਦੇਸ਼ ਦੀ ਰਾਜਧਾਨੀ ਦਿੱਲੀ 'ਚ ਨੌਜਵਾਨ ਮੁੱਦਿਆਂ ਉੱਪਰ ਇਕ ਕਨਵੈਨਸ਼ਨ ਕਰ ਰਹੇ ਹਨ। ਆਪਾਂ ਵੀ ਇਸ ਕਨਵੈਨਸ਼ਨ ਦਾ ਹਿੱਸਾ ਬਣੀਏ। ਜ਼ਿਲ੍ਹਾ ਸਕੱਤਰ ਸੁਖਵਿੰਦਰ ਕੁਮਾਰ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਕਿਹਾ ਕਿ ਜੋ ਸੁਪਨਾ ਕਾਮਰੇਡ ਮੁਖਤਿਆਰ ਸਿੰਘ ਦਾ ਸੀ, ਉਸ ਨੂੰ ਪੂਰਾ ਕਰਨ ਵਾਸਤੇ ਆਉਣ ਵਾਲੇ ਸਮੇਂ ਵਿੱਚ ਵਿਦਿਆਰਥੀਆਂ ਨੂੰ ਲਾਮਬੰਦ ਕੀਤਾ ਜਾਵੇਗਾ। ਆਏ ਹੋਏ ਸਾਰੇ ਵਿਦਿਆਰਥੀ ਸਾਥੀਆਂ ਦਾ ਏ ਆਈ ਐੱਸ ਐੱਫ ਦੇ ਜ਼ਿਲ੍ਹਾ ਪ੍ਰਧਾਨ ਗੁਰਵਿੰਦਰ ਗੁਰੀ ਨੇ ਧੰਨਵਾਦ ਕੀਤਾ। ਇਸ ਮੌਕੇ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ, ਸਾਬਕਾ ਸਰਪੰਚ ਗੁਰਤੇਜ ਸਿੰਘ, ਨਰੇਗਾ ਰੁਜ਼ਗਾਰ ਪ੍ਰਾਪਤੀ ਮਜ਼ਦੂਰ ਯੂਨੀਅਨ ਦੇ ਜ਼ਿਲਾ ਪ੍ਰਧਾਨ ਬੋਹੜ ਸਿੰਘ, ਮਲੋਟ ਬਲਾਕ ਦੇ ਮੀਤ ਸਕੱਤਰ ਬੋਹੜ ਸਿੰਘ, ਬਿੰਦਰ ਸਿੰਘ, ਸੰਦੀਪ ਸਿੰਘ ਤੇ ਰੋਹਿਤ ਮਲੋਟ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਬਾਬਾ ਮੱਖਣ ਸ਼ਾਹ ਲੁਬਾਣਾ ਸਪੋਰਟਸ ਕਲੱਬ ਵੱਲੋਂ ਅੱਖਾਂ ਦਾ ਮੁਫਤ ਚੈਕਅੱਪ ਤੇ ਅਪਰੇਸ਼ਨ ਕੈਂਪ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ ਟਾਂਡਾ)

ਬਾਬਾ ਮੱਖਣ ਸਾਹ ਲੁਬਾਣਾ ਸਪੋਰਟਸ ਕਲੱਬ ਜਲਾਲਪੁਰ ਵੱਲੋਂ ਗੁਰਦੁਆਰਾ ਕੁਵਾਖਪੱਤੀ ਜਲਾਲਪੁਰ ਵਿਖੇ ਮੁਫਤ ਅੱਖਾਂ ਦਾ ਕੈਂਪ ਲਗਾਇਆ ਗਿਆ। ਸਮਾਜ ਸੇਵੀ ਰਸਵਿੰਦਰ ਸਿੰਘ ਬੱਬਰ ਜਿਊਲਰ ਤੇ ਪ੍ਰਧਾਨ ਜਸਵੰਤ ਸਿੰਘ ਅੰਬੀ ਦੀ ਅਗਵਾਈ ਵਿੱਚ ਲਗਾਏ ਇਸ ਕੈਂਪ ਦਾ ਉਦਘਾਟਨ ਆਮ ਆਦਮੀ ਪਾਰਟੀ ਦੇ ਕੋਰ ਕਮੇਟੀ ਮੈਂਬਰ ਜਸਵੰਤ ਸਿੰਘ ਬਿੱਟੂ ਤੇ ਬਲਾਕ ਪ੍ਰਧਾਨ ਲਖਵਿੰਦਰ ਸਿੰਘ ਸੇਠੀ ਨੇ ਸਾਂਝੇ ਤੌਰ ਕਰਦੇ ਹੋਏ ਇਨਸਾਨੀਅਤ ਦੀ ਖਿਦਮਤ ਵਿੱਚ ਲਗਾਏ ਗਏ ਇਸ ਕੈਂਪ ਦੀ ਸ਼ਲਾਘਾ ਕੀਤੀ ਅਤੇ ਬਾਬਾ ਮੱਖਣ ਸ਼ਾਹ ਲੁਬਾਣਾ ਸਪੋਰਟਸ ਕਲੱਬ (ਰਜਿ) ਦੇ ਹੋਰਨਾਂ ਸਮਾਜ ਸੇਵੀ ਕੰਮਾਂ 'ਤੇ ਵੀ ਚਾਨਣਾ ਪਾਇਆ। ਇਸ ਮੌਕੇ ਹਰੇ ਕ੍ਰਿਸ਼ਨ ਹਸਪਤਾਲ ਬੇਗੋਵਾਲ ਦੇ ਮਾਹਰ ਡਾ. ਮੇਜਰ ਪ੍ਰਮੋਦ ਕੁਮਾਰ, ਡਾ. ਵਿਪਨ, ਡਾ. ਨਵਦੀਪ ਕੌਰ, ਡਾ. ਜਾਹਿਦਵਾਣੀ, ਡਾ. ਰਿਸ਼ੂ ਤੇ ਡਾ. ਸੰਦੀਪ ਦੀ ਟੀਮ ਨੇ 185 ਮਰੀਜ਼ਾਂ ਤੋਂ ਉਪਰ ਚੈੱਕਅੱਪ ਕਰਦੇ ਹੋਏ ਲੋੜਵੰਦ ਮਰੀਜ਼ਾਂ ਨੂੰ ਦਵਾਈਆਂ ਦੇਣ ਦੇ ਨਾਲ ਮਰੀਜ਼ਾਂ ਦੀ ਸਿਹਤ ਪ੍ਰਤੀ ਜਾਗਰੂਕ ਕੀਤਾ ਅਤੇ ਸਰਦੀਆਂ ਦੇ ਮੌਸਮ ਵਿੱਚ ਹੋਣ ਵਾਲੀਆਂ ਵੱਖ ਵੱਖ ਬਿਮਾਰੀਆਂ ਦੇ ਬਚਾਓ ਤੋਂ ਸਾਵਧਾਨੀਆਂ

ਰੱਖਣ ਲਈ ਪ੍ਰੇਰਿਤ ਕੀਤਾ। ਕੈਂਪ ਦੀ ਸਮਾਪਤੀ 'ਤੇ ਸਪੋਰਟਸ ਕਲੱਬ ਵੱਲੋਂ ਸਮੂਹ ਡਾਕਟਰੀ ਟੀਮ ਤੇ ਹੋਰਨਾਂ ਸਹਿਯੋਗੀ ਸ਼ਖਸੀਅਤਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਚਰਨ ਸਿੰਘ ਬੰਬੇ, ਤਰਸੇਮ ਸਿੰਘ ਨੰਦੀ, ਲੰਬਰਦਾਰ ਕੁਲਵੰਤ ਸਿੰਘ, ਕੁਲਦੀਪ ਸਿੰਘ ਯੂਕੇ, ਲਖਵਿੰਦਰ ਸਿੰਘ ਪੰਮਾ, ਬਲਵੀਰ ਸਿੰਘ, ਬਲਕਾਰ ਸਿੰਘ, ਲਖਵਿੰਦਰ ਸਿੰਘ ਲੱਖਾ ਵੀ ਮੌਜੂਦ ਸਨ।

ਮਨਦੀਪ ਕੌਰ ਦਾ ਲੱਗਾ ਕੈਨੇਡਾ ਦਾ ਸਟੱਡੀ ਵੀਜ਼ਾ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲੀ)

ਵੀਜ਼ੇ ਲਗਵਾਉਣ ਵਿੱਚ ਮੁਹਾਰਤ ਰੱਖਦੀ ਈਸਟ ਇੰਡੀਆ ਅਕਾਡਮੀ ਨੇ ਮਨਦੀਪ ਕੌਰ ਪੁੱਤਰੀ ਤਰਸੇਮ ਸਿੰਘ ਵਾਸੀ ਭੱਠਲ ਦਾ 10 ਦਿਨਾਂ ਵਿੱਚ ਕੈਨੇਡਾ ਦਾ ਸਟਡੀ ਵੀਜ਼ਾ ਲਗਵਾ ਕੇ ਦਿੱਤਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਸੰਸਥਾ ਦੇ ਡਾਇਰੈਕਟਰ ਸੁਖਦੀਪ ਸਿੰਘ ਹਰਜੀ ਨੇ ਦੱਸਿਆ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਵੀਜ਼ੇ ਲਗਵਾਉਣ ਦਾ ਕੰਮ ਕਰ ਰਹੇ ਹਨ ਅਤੇ ਹਰ ਤਰ੍ਹਾਂ ਦੀ ਬੱਚਿਆਂ ਨੂੰ ਗਾਈਡੈਂਸ ਦੇ ਰਹੇ ਹਨ। ਉਨ੍ਹਾਂ ਦੀ ਅਕੈਡਮੀ ਵੱਲੋਂ ਯੋਗ ਬੱਚਿਆਂ ਨੂੰ ਸਹੀ ਤਰੀਕੇ ਨਾਲ ਤਿਆਰ ਕਰਕੇ ਅਪਲਾਈ ਕੀਤਾ ਜਾਂਦਾ ਹੈ ਅਤੇ ਕੈਨੇਡਾ ਦੇ ਨਾਮਵਾਰ ਯੂਨੀਵਰਸਿਟੀਆਂ ਅਤੇ ਕਾਲਜਾਂ ਵਿੱਚ ਦਾਖਲਾ ਦਿਵਾਇਆ ਜਾਂਦਾ ਹੈ ਜਿੱਥੇ ਕਿ ਬੱਚੇ ਪੜ੍ਹਾਈ ਦੇ ਨਾਲ ਨਾਲ ਆਪਣਾ ਕੰਮ ਵੀ ਕਰਦੇ ਹਨ ਅਤੇ ਆਪਣੇ ਸੁਪਨੇ ਵੀ ਪੂਰੇ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਸੰਸਥਾ ਨਾਲ ਅਗਲੇ ਇਨਟੇਕ ਵਾਸਤੇ ਸੰਪਰਕ ਕੀਤਾ ਜਾ ਸਕਦਾ ਹੈ। ਬੱਚਿਆਂ ਨੂੰ ਜਾਣਕਾਰੀ ਬਿਲਕੁਲ ਫਰੀ ਦਿੱਤੀ ਜਾਂਦੀ ਹੈ। ਇਸ ਬਾਰੇ ਗੱਲ ਕਰਦਿਆਂ ਮਨਦੀਪ ਕੌਰ ਅਤੇ ਉਸਦੇ ਪਰਿਵਾਰ ਨੇ ਡਾਢੀ ਖੁਸ਼ੀ ਦਾ ਇਜ਼ਹਾਰ ਕੀਤਾ ਅਤੇ ਦੱਸਿਆ ਕਿ ਉਨ੍ਹਾਂ ਵੱਲੋਂ ਈਸਟ ਇੰਡੀਆ ਅਕੈਡਮੀ ਵੱਲੋਂ ਦਿੱਤੀ ਗਈ ਜਾਣਕਾਰੀ ਬਿਲਕੁਲ ਸਹੀ ਸੀ ਅਤੇ ਇਸ ਦੇ ਮੁਤਾਬਕ ਚੱਲਣ ਨਾਲ ਸਾਡਾ 10 ਦਿਨਾਂ ਵਿੱਚ ਕੈਨੇਡਾ ਦਾ ਸਟੱਡੀ ਵੀਜ਼ਾ ਮਿਲ ਗਿਆ। ਉਨ੍ਹਾਂ ਨੇ ਸੰਸਥਾ ਦੇ ਡਾਇਰੈਕਟਰ ਅਤੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ।

ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਦਿਹਾੜੇ ਮੌਕੇ ਗੁਰਮਤਿ ਸਮਾਗਮ ਕਰਵਾਏ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਪਿਆਰੇ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਾਲ ਸਬੰਧਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਕਰਮਜੀਤ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਸਰਵਣ ਸਿੰਘ ਨੇ ਕੀਤੀ ਤੇ ਪਾਵਨ ਹੁਕਮਨਾਮਾ ਭਾਈ ਗੁਰਮੀਤ ਸਿੰਘ ਗ੍ਰੰਥੀ ਗੁਰਦੁਆਰਾ ਸ਼ਹੀਦ ਗੰਜ ਸਾਹਿਬ ਨੇ ਸਰਵਨ ਕਰਵਾਇਆ। ਭਾਈ ਗੁਰਮੀਤ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਤੇ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਦੇ ਇਤਿਹਾਸਕ ਪ੍ਰਸੰਗ ਨੂੰ ਸੰਗਤ ਨਾਲ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਮਨੁੱਖਤਾ ਲਈ ਇੱਕ ਮਾਰਗ ਦਰਸ਼ਨ ਹੈ ਜੋ ਮਜ਼ਲੂਮਾਂ ਦੇ ਹੱਕ ਵਿਚ ਖੜ੍ਹਨ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਸੰਗਤਾਂ ਨੂੰ ਗੁਰਮਤਿ ਵਿਚਾਰਧਾਰਾ ਨਾਲ ਜੁੜਨ ਅਤੇ ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਪ੍ਰੇਰਨਾ ਵੀ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਵਧੀਕ ਮੈਨੇਜਰ ਨਿਸ਼ਾਨ ਸਿੰਘ ਜਫਰਵਾਲ, ਮੀਤ ਮੈਨੇਜਰ ਸ. ਗੁਰਤਿੰਦਰਪਾਲ ਸਿੰਘ, ਲਾਲ ਸਿੰਘ, ਹੈੱਡ ਪ੍ਰਚਾਰਕ ਭਾਈ ਜਗਦੇਵ ਸਿੰਘ, ਖਜ਼ਾਨਚੀ ਅਮਰਜੀਤ ਸਿੰਘ ਆਦਿ ਮੌਜੂਦ ਸਨ। ਇਸੇ ਦੌਰਾਨ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਵੀ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਮਤਿ ਸਮਾਗਮ ਕਰਵਾਏ ਗਏ। ਇਨ੍ਹਾਂ ਸਮਾਗਮਾ ਸਮੇਂ ਵੱਖ-ਵੱਖ ਸੇਵਾ ਸੁਸਾਇਟੀਆਂ ਦੇ ਸ਼ਬਦੀ ਜਥਿਆਂ ਨੇ ਸ਼ਬਦ ਕੀਰਤਨ ਕੀਤਾ, ਜਦਕਿ ਕੌਮ ਦੇ ਪ੍ਰਸਿੱਧ ਰਾਗੀ ਜਥਿਆਂ ਅਤੇ ਕਥਾਵਾਚਕਾਂ ਨੇ ਵੀ ਸੰਗਤ ਨੂੰ ਗੁਰਬਾਣੀ ਦੇ ਕੀਰਤਨ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਿਆ।

ਭਵਿੱਖ ਦਾ ਭਾਰਤ ਬਣਾਉਣ ਲਈ ਸਾਨੂੰ ਨੌਜਵਾਨਾਂ ਦੀ ਗੱਲ ਸੁਣਨੀ ਪਵੇਗੀ : ਸ਼ਾਹ

ਲੁਧਿਆਣਾ/ਜਲੰਧਰ: ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਗੁਜਰਾਤ ਦੇ ਆਨੰਦ ਵਿੱਚ ਸਰਦਾਰ ਪਟੇਲ ਯੂਨੀਵਰਸਿਟੀ ਦੀ 66ਵੀਂ ਕਨਵੋਕੇਸ਼ਨ ਨੂੰ ਸੰਬੋਧਨ ਕਰਦਿਆਂ ਸਪੱਸ਼ਟ ਸੰਦੇਸ਼ ਦਿੱਤਾ ਕਿ ਭਵਿੱਖ ਦੇ ਭਾਰਤ ਦਾ ਨਿਰਮਾਣ ਕਰਨ ਲਈ ਸਾਨੂੰ ਨੌਜਵਾਨਾਂ ਦੀ ਗੱਲ ਸੁਣਨੀ ਹੋਵੇਗੀ ਅਤੇ ਉਨ੍ਹਾਂ ਦੀ ਸ਼ਕਤੀ ਵਿੱਚ ਵਿਸ਼ਵਾਸ ਕਰਨਾ ਹੋਵੇਗਾ। ਨੇਤਾ ਸ਼ਾਹ ਦਾ ਮੰਨਣਾ ਹੈ ਕਿ ਭਾਰਤ ਨੂੰ ਵਿਕਸਤ ਬਣਾਉਣ ਲਈ ਸਾਨੂੰ ਨੌਜਵਾਨਾਂ ਨੂੰ ਸੁਣਨਾ ਹੋਵੇਗਾ, ਉਨ੍ਹਾਂ ਦੀਆਂ ਤਰਜੀਹਾਂ ਨੂੰ ਸਮਝਣਾ ਹੋਵੇਗਾ, ਉਨ੍ਹਾਂ ਦੀਆਂ ਇੱਛਾਵਾਂ ਨੂੰ ਕਾਰਜ ਯੋਜਨਾ 'ਚ ਸਾਮਲ ਕਰਨਾ ਹੋਵੇਗਾ ਅਤੇ ਉਨ੍ਹਾਂ ਦੀ ਸ਼ਕਤੀ ਤੇ ਵਿਸ਼ਵਾਸ ਕਰਨਾ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਦੱਸਿਆ ਸਰਕਾਰ ਇਸ ਸਮੇਂ ਕਈ ਯੋਜਨਾਵਾਂ ਲੈ ਕੇ ਆਈ ਹੈ, ਜੋ ਕਿ ਨੌਜਵਾਨ ਦੇ ਭਵਿੱਖ ਲਈ ਬਹੁਤ ਸੰਭਾਵਨਾਵਾਂ ਭਰਪੂਰ ਹਨ।

ਸਰਕਾਰੀ ਹਾਈ ਸਕੂਲ ਮਨਸੂਰਕੇ 'ਚ ਮਾਪੇ-ਅਧਿਆਪਕ ਮਿਲਣੀ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)

ਸਿੱਖਿਆ ਮੰਤਰੀ ਪੰਜਾਬ ਹਰਜੋਤ ਸਿੰਘ ਦਿਸ਼ਾ ਨਿਰਦੇਸ਼ਾਂ ਤੇ ਅੱਜ ਗੁਰਦਾਸਪੁਰ ਜ਼ਿਲੇ ਦੇ ਸਰਕਾਰੀ ਹਾਈ ਸਕੂਲ ਮਨਸੂਰਕੇ ਵਿੱਚ ਮੈਗਾ ਪੀ. ਟੀ. ਐੱਮ. ਕਰਵਾਈ ਗਈ, ਜਿਸ ਵਿੱਚ ਬੱਚਿਆਂ ਦੇ ਮਾਪਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਆਪਣੇ ਬੱਚਿਆਂ ਦੀ ਕਾਰਗੁਜ਼ਾਰੀ

18-Dec-PAGE-4.qxd 12/17/2023 10:27 PM Page 1

ਨਵਾਂ ਜ਼ਮਾਨਾ
ਸੋਮਵਾਰ, 18 ਦਸੰਬਰ 2023

ਸੰਸਦੀ ਰਵਾਇਤਾਂ ਨੂੰ ਢਾਹ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਕ ਹਿੰਦੀ ਅਖਬਾਰ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਹੈ ਕਿ ਸੰਸਦ ਦੀ ਸੁਰੱਖਿਆ ਵਿਚ ਸੰਨ੍ਹ ਨੂੰ ਘਟਾ ਕੇ ਨਹੀਂ ਲਿਆ ਜਾ ਸਕਦਾ ਹੈ, ਪਰ ਇਸ ਮੁੱਦੇ 'ਤੇ ਖਹਿਬੜਨਾ ਨਹੀਂ ਚਾਹੀਦਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਵੀ ਇਕ ਟੀ ਵੀ ਚੈਨਲ 'ਤੇ ਅਜਿਹੀ ਹੀ ਗੱਲ ਕਹੀ ਸੀ। ਆਪੋਜ਼ੀਸ਼ਨ ਪਾਰਟੀਆਂ ਦਾ ਕਹਿਣਾ ਹੈ ਕਿ ਜਦ ਸੰਸਦ ਦਾ ਸਰਦ ਰੁੱਤ ਅਜਲਾਸ ਚੱਲ ਰਿਹਾ ਹੈ ਤਾਂ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਨੂੰ ਇਸ ਮੁੱਦੇ 'ਤੇ ਸੰਸਦ ਵਿਚ ਬਿਆਨ ਦੇਣਾ ਚਾਹੀਦਾ ਹੈ। ਸਿਤਮਜ਼ਰੀਫੀ ਹੈ ਕਿ ਇਨ੍ਹਾਂ ਨੇ ਸੰਸਦ ਵਿਚ ਬਿਆਨ ਤਾਂ ਕੀ ਦੇਣਾ, ਇਹ ਸੰਸਦ ਵਿਚ ਹੀ ਨਹੀਂ ਆ ਰਹੇ। ਅਜਲਾਸ ਇਸ ਹਫਤੇ ਖਤਮ ਹੋ ਜਾਣਾ ਹੈ। ਮਨੀਪੁਰ ਦੀ ਹਿੰਸਾ ਦੀਆਂ ਗੰਭੀਰ ਘਟਨਾਵਾਂ ਸਮੇਂ ਵੀ ਇਨ੍ਹਾਂ ਮਾਨਸੂਨ ਅਜਲਾਸ ਦੌਰਾਨ ਚਰਚਾ ਨਹੀਂ ਹੋਣ ਦਿੱਤੀ ਸੀ ਅਤੇ ਬੇਵਿਸਾਹੀ ਮਤੇ ਦਾ ਜਵਾਬ ਦੇਣ ਵੇਲੇ ਹੀ ਪ੍ਰਧਾਨ ਮੰਤਰੀ ਕੁਝ ਸਤਰਾਂ ਮਨੀਪੁਰ ਬਾਰੇ ਬੋਲੇ ਸਨ, ਜਦਕਿ ਭਾਸ਼ਣ ਦਾ ਬਹੁਤਾ ਸਮਾਂ ਆਪੋਜ਼ੀਸ਼ਨ ਦੀ ਖਿਲੀ ਉਡਾਉਣ 'ਤੇ ਲਾਇਆ ਸੀ।

ਸਿਹਤਮੰਦ ਸੰਸਦੀ ਰਵਾਇਤਾਂ ਨੂੰ ਜਿੰਨੀ ਢਾਹ ਮੋਦੀ ਰਾਜ ਵਿਚ ਲੱਗੀ ਹੈ, ਏਨੀ ਕਦੇ ਨਹੀਂ ਲੱਗੀ। ਇਸ ਦੇ ਸਿਖਰਲੇ ਆਗੂ ਉਨ੍ਹਾਂ ਰਵਾਇਤਾਂ ਦੀ ਵੀ ਪਰਵਾਹ ਨਹੀਂ ਕਰ ਰਹੇ, ਜਿਹੜੀਆਂ ਇਨ੍ਹਾਂ ਦੀ ਹੀ ਪਾਰਟੀ ਦੇ ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਪਾ ਗਏ ਸਨ। ਜਦੋਂ ਤੇਰ੍ਹਵੀਂ ਲੋਕ ਸਭਾ ਵੇਲੇ 13 ਦਸੰਬਰ 2001 ਨੂੰ ਸੰਸਦ 'ਤੇ ਹਮਲਾ ਹੋਇਆ ਸੀ ਤਾਂ ਵਾਜਪਾਈ ਸਰਕਾਰ ਸੰਸਦ ਦੇ ਦੋਹਾਂ ਸਦਨਾਂ ਵਿਚ ਬਹਿਸ ਲਈ ਰਾਜ਼ੀ ਹੋਈ ਸੀ। ਬਹਿਸ ਤੋਂ ਪਹਿਲਾਂ ਵੇਲੇ ਦੇ ਗ੍ਰਹਿ ਮੰਤਰੀ ਐੱਲ ਕੇ ਅਡਵਾਨੀ ਨੇ ਸਰਕਾਰ ਵੱਲੋਂ ਬਿਆਨ ਦਿੱਤਾ ਸੀ। ਲੋਕ ਸਭਾ ਵਿਚ ਬਹਿਸ ਦੋ ਦਿਨ ਚੱਲੀ ਸੀ ਤਾਂ ਜੋ ਹਰ ਮੈਂਬਰ ਆਪਣੀ ਗੱਲ ਕਹਿ ਸਕੇ। ਵਾਜਪਾਈ ਤੇ ਅਡਵਾਨੀ ਨੇ ਬਹਿਸ ਵਿਚ ਖੁਦ ਵੀ ਦਖਲ ਦਿੱਤਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਲੰਘੀ 13 ਦਸੰਬਰ ਨੂੰ ਜੋ ਹੋਇਆ, ਉਸ ਨੂੰ 13 ਦਸੰਬਰ 2001 ਨੂੰ ਜੋ ਹੋਇਆ ਸੀ, ਉਸ ਨਾਲ ਮੇਲ ਕੇ ਨਹੀਂ ਦੇਖਿਆ ਜਾ ਸਕਦਾ, ਪਰ ਸਰਕਾਰ ਨੇ ਤਾਜ਼ਾ ਘਟਨਾ ਦੇ ਮੁਲਜ਼ਮਾਂ ਖਿਲਾਫ ਦਹਿਸ਼ਤਗਰਦੀ ਦੀਆਂ ਸਰਗਰਮੀਆਂ ਰੋਕੂ ਐਕਟ (ਯੂ ਏ ਪੀ ਏ) ਲਾ ਦਿੱਤਾ ਹੈ। ਵਿਜ਼ਟਰ ਗੈਲਰੀ ਤੋਂ ਹੇਠਾਂ ਛਾਲਾਂ ਮਾਰਨ ਤੇ ਹਥਿਆਰ ਲੈ ਕੇ ਸੰਸਦ ਵਿਚ ਆਉਣ ਦੀਆਂ ਹੋਰ ਘਟਨਾਵਾਂ ਵੀ ਹੋ ਚੁੱਕੀਆਂ ਹਨ। ਉਨ੍ਹਾਂ 'ਤੇ ਵੀ ਬਹਿਸਾਂ ਹੋਈਆਂ ਸਨ, ਪਰ ਤਾਜ਼ਾ ਮਾਮਲੇ ਵਿਚ ਸਰਕਾਰ ਇਹ ਕਹਿ ਕੇ ਬਿਆਨ ਦੇਣ ਤੋਂ ਇਨਕਾਰੀ ਹੈ ਕਿ ਸੰਸਦ ਕੰਪਲੈਕਸ ਸਪੀਕਰ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ ਤੇ ਉਹ ਹੀ ਫੈਸਲਾ ਕਰਨਗੇ। ਨਾ ਸਪੀਕਰ ਕਹਿਣ ਤੇ ਨਾ ਸਰਕਾਰ ਬਿਆਨ ਦੇਵੇ। ਜਿਵੇਂ ਪੇਚ ਫਸਿਆ ਹੋਇਆ ਹੈ, ਉਸ ਤੋਂ ਲਗਦਾ ਹੈ ਕਿ ਰਹਿੰਦਾ ਅਜਲਾਸ ਵੀ ਬਿਨਾਂ ਕਿਸੇ ਕੰਮਕਾਜ ਦੇ ਖਤਮ ਹੋ ਜਾਵੇਗਾ। ਸੰਸਦ ਚਲਾਉਣ ਲਈ ਲੋਕਾਂ ਦੇ ਟੈਕਸ ਦੇ ਖਰਚ ਹੁੰਦੇ ਕਰੋੜਾਂ ਰੁਪਏ ਫਿਰ ਸਵਾਹ ਹੋ ਜਾਣਗੇ।

ਪੈਨਸ਼ਨਰਾਂ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਦੀ ਮਹੱਤਤਾ

ਪਵਨ ਕੁਮਾਰ ਕੌਸ਼ਲ

1982 ਵਿੱਚ ਭਾਰਤ ਦੀ ਸਰਬ-ਉੱਚ ਨਿਆਲਿਆ ਨੇ ਪੈਨਸ਼ਨਰਾਂ ਲਈ ਆਪਣੇ ਇੱਕ ਇਤਿਹਾਸਕ ਤੇ ਮਹੱਤਵਪੂਰਨ ਫੈਸਲੇ ਰਾਹੀਂ ਇੱਕ ਵਿਸ਼ੇਸ਼ ਤੋਹਫਾ ਦਿੱਤਾ, ਜਿਸ ਨੇ ਪੈਨਸ਼ਨਰਾਂ ਦਾ ਰੁਤਬਾ ਹੀ ਬਦਲ ਦਿੱਤਾ। ਇਸ ਦਿਨ ਭਾਰਤ ਦੇ ਸਾਰੇ ਸੇਵਾ ਮੁਕਤ ਕਰਮਚਾਰੀਆਂ ਲਈ ਪੈਨਸ਼ਨ ਦਾ ਇਤਿਹਾਸਕ ਫੈਸਲਾ ਸੁਣਾਇਆ ਗਿਆ। ਇਸ 41ਵੇਂ ਪੈਨਸ਼ਨਰ ਦਿਵਸ 'ਤੇ ਅਸੀਂ ਸਵਰਗੀ ਜਸਟਿਸ ਵਾਈ ਵੀ ਚੰਦਰਚੂੜ, ਤਤਕਾਲੀ ਚੀਫ਼ ਜਸਟਿਸ ਸਰਬ-ਉੱਚ ਨਿਆਲਿਆ ਅਤੇ ਇਸ ਦੀ ਪੈਰਵੀ ਕਰਨ ਵਾਲੇ ਮਾਨਯੋਗ ਡੀ ਐੱਸ ਜਸਟਿਸ ਨਾਕਾਰਾ ਨੂੰ ਯਾਦ ਕਰਦੇ ਹਾਂ। ਇਹ 1982 ਵਿੱਚ ਅੱਜ ਦਾ ਦਿਨ ਸੀ, ਜਦੋਂ ਸਰਬ-ਉੱਚ ਨਿਆਲਿਆ ਨੇ ਸੇਵਾਮੁਕਤ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ ਮਾਣ ਅਤੇ ਮਰਿਆਦਾ ਦੀ ਗਰੰਟੀ ਦੇਣ ਵਾਲਾ ਇੱਕ ਇਤਿਹਾਸਕ ਫੈਸਲਾ ਸੁਣਾਇਆ ਸੀ। ਦੇਸ਼ ਵਿੱਚ, 17.12.1982 ਦੇ ਫੈਸਲੇ ਦੁਆਰਾ ਸਵਰਗੀ ਡੀ.ਐੱਸ. ਜਸਟਿਸ ਨਾਕਾਰਾ ਨੂੰ ਯਾਦ ਕਰਨ ਲਈ, ਪੈਨਸ਼ਨਰ ਦਿਵਸ ਮਨਾਇਆ ਜਾਂਦਾ ਹੈ, ਜਿਸ ਨੇ ਭਾਈਚਾਰੇ ਵਿੱਚ ਮਾਣ, ਇੱਜ਼ਤ ਅਤੇ ਮਰਿਆਦਾ ਲਿਆਉਣ ਲਈ ਸਾਲਾਂ ਤੱਕ ਕਾਨੂੰਨੀ ਸੰਘਰਸ਼ ਕੀਤਾ ਸੀ। ਆਪਣੇ ਫੈਸਲੇ ਵਿੱਚ ਸਰਬ-ਉੱਚ ਨਿਆਲਿਆ ਨੇ ਕਿਹਾ ਕਿ, ਪੈਨਸ਼ਨ ਨਾ ਤਾਂ ਕੋਈ ਖੈਰਾਤ ਹੈ, ਨਾ ਹੀ ਦਿਆਲਤਾ ਦਾ ਮਾਮਲਾ ਹੈ, ਜੋ ਕਿ ਮਾਲਕ ਦੀ ਦਯਾ ਅਤੇ ਇੱਛਾ 'ਤੇ ਨਿਰਭਰ ਕਰਦਾ ਹੈ, ਨਾ ਹੀ ਐਕਸ-ਗ੍ਰੇਸ਼ੀਆ ਭੁਗਤਾਨ। ਇਹ ਪਿਛਲੀਆਂ ਸੇਵਾਵਾਂ ਦੇ ਇਵਜ਼ ਲਈ ਭੁਗਤਾਨ ਹੈ। ਇਹ ਸਮਾਜਿਕ-ਆਰਥਿਕ ਨਿਆਂ ਪ੍ਰਦਾਨ ਕਰਨ ਵਾਲਾ ਇੱਕ ਸਮਾਜਿਕ ਭਲਾਈ ਦਾ ਉਪਾਅ ਹੈ, ਜਿਨ੍ਹਾਂ ਆਪਣੀ ਜ਼ਿੰਦਗੀ ਦੇ ਜਵਾਨੀ ਦੇ ਸ਼ੁਰੂਆਤੀ ਦਿਨਾਂ ਵਿੱਚ ਇਸ ਭਰੋਸੇ 'ਤੇ ਮਾਲਕ ਲਈ ਨਿਰੰਤਰ ਮਿਹਨਤ ਕੀਤੀ ਕਿ ਉਨ੍ਹਾਂ ਦੇ ਬੁਢਾਪੇ ਵਿੱਚ ਉਨ੍ਹਾਂ ਨੂੰ ਅੱਧ-ਵਿਚਕਾਰ ਨਹੀਂ ਛੱਡਿਆ ਜਾਵੇਗਾ। 17 ਦਸੰਬਰ ਭਾਰਤ ਵਿੱਚ 1983 ਤੋਂ ਹਰ ਸਾਲ ਪੈਨਸ਼ਨਰ ਦਿਵਸ ਵਜੋਂ ਮਨਾਇਆ ਜਾਂਦਾ ਹੈ। ਅਤੇ ਪੈਨਸ਼ਨ ਕਾਨੂੰਨੀ ਲੜਾਈ ਲੜਦੇ ਰਹੇ ਸ੍ਰੀ ਡੀ ਐਸ ਨਾਕਰਾ ਨੂੰ ਵੀ ਯਾਦ ਕੀਤਾ ਜਾਂਦਾ ਹੈ। ਸੁਪਰੀਮ ਕੋਰਟ ਨੇ ਆਪਣੇ ਇਤਿਹਾਸਕ ਫੈਸਲੇ ਵਿੱਚ ਕਲਿਆਣਕਾਰੀ ਰਾਜ ਦੀ ਪਿੱਠਭੂਮੀ ਵਿੱਚ ਪੈਨਸ਼ਨਰਾਂ ਦੇ ਹੱਕ ਵਿੱਚ ਸਵਾਲਾਂ ਦੇ ਜਵਾਬ ਦਿੱਤੇ ਅਤੇ ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਕਿ ਪੈਨਸ਼ਨ ਇੱਕ ਸਮਾਜਿਕ-ਆਰਥਿਕ ਨਿਆਂ ਮਾਪਦੰਡ ਹੈ, ਜੋ ਰਾਹਤ ਪ੍ਰਦਾਨ ਕਰਦਾ ਹੈ, ਜਦੋਂ ਉਮਰ ਵਧਣ ਨਾਲ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੀ ਸਮਰੱਥਾ ਵਿੱਚ ਕਮੀ ਆਉਂਦੀ ਹੈ। 1982 ਨੂੰ ਡੀ ਐੱਸ ਨਾਕਾਰਾ ਅਤੇ ਹੋਰ ਬਨਾਮ ਭਾਰਤ ਯੂਨੀਅਨ ਵਿਚਕਾਰ ਪੈਨਸ਼ਨ ਲਈ ਲੜੇ ਜਾ ਰਹੇ ਕੇਸ ਸਬੰਧੀ ਸੁਪਰੀਮ ਕੋਰਟ ਦੇ ਬੈਂਚ ਵਿੱਚ ਚੰਦਰਚੂੜ, ਵਾਈ.ਵੀ. (ਸੀ ਜੇ), ਤੁਲਜ਼ਾਪੁਰਕਰ, ਵੀ.ਡੀ., ਦੇਸਾਈ, ਡੀ.ਏ., ਰੈਡੀ, ਓ. ਚਿਨੱਪਾ (ਜੇ), ਇਸਲਾਮ, ਬਹਾਰੁਲ ਸਨ। ਡੀ.ਐੱਸ. ਜਸਟਿਸ ਨਾਕਾਰਾ ਉਸ ਸਮੇਂ ਰੱਖਿਆ ਮੰਤਰਾਲੇ ਦੇ ਵਿੱਤ ਸਨ, 1972 ਵਿੱਚ ਸੇਵਾਮੁਕਤ ਹੋਏ। ਉਨ੍ਹਾ ਨੂੰ ਵੀ ਹੋਰ ਪੈਨਸ਼ਨਰਾਂ ਵਾਂਗ ਆਪਣੀ ਪੈਨਸ਼ਨ ਲੈਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਇਸ ਲਈ ਉਨ੍ਹਾਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ। ਸੁਪਰੀਮ ਕੋਰਟ ਨੇ ਪੈਨਸ਼ਨਰਾਂ ਦੇ ਹੱਕ ਵਿੱਚ ਫੈਸਲਾ ਸੁਣਾਇਆ।

ਇਸ ਤੋਂ ਪਹਿਲਾਂ ਕੁਝ ਮਹਿਕਮਿਆਂ ਦੇ ਕਰਮਚਾਰੀਆਂ ਨੂੰ ਹੀ ਨਾ-ਮਾਤਰ ਪੈਨਸ਼ਨ ਦਿੱਤੀ ਜਾਂਦੀ ਸੀ। ਜਦੋਂ ਕੋਈ ਕਰਮਚਾਰੀ ਸੇਵਾ-ਮੁਕਤ ਹੁੰਦਾ ਤਾਂ ਉਸ ਦੇ ਘਰਦਿਆਂ ਨੂੰ ਘਰ ਦਾ ਖਰਚਾ ਚਲਾਉਣ ਦਾ ਸੰਸਾ ਪੈਦਾ ਹੋ ਜਾਂਦਾ ਸੀ ਕਿ ਘਰ ਦਾ ਰੋਟੀ-ਪਾਣੀ ਹੁਣ ਕਿੱਦਾਂ ਚੱਲੇਗਾ ? ਇਸ ਇਤਿਹਾਸਕ ਫੈਸਲੇ ਨੇ ਪੈਨਸ਼ਨਰਾਂ ਦੇ ਜੀਵਨ ਵਿੱਚ ਖੇੜੇ ਲੈ ਆਂਦੇ। ਕਰਮਚਾਰੀਆਂ ਨੂੰ ਸੇਵਾ ਮੁਕਤੀ ਵਾਲੇ ਦਿਨ ਪਾਰਟੀ ਅਤੇ ਸੁਗਾਤਾਂ ਨਾਲ ਨਿਵਾਜਿਆ ਜਾਣ ਲੱਗਿਆ ਅਤੇ ਸੇਵਾ ਮੁਕਤ ਕਰਮਚਾਰੀ ਵੀ ਬੈਂਕਟ ਹਾਲਾਂ ਤੇ ਮੈਰਿਜ ਪੈਲਸਾਂ ਅੰਦਰ ਆਪਣੀ ਸੇਵਾ-ਮੁਕਤੀ ਉਪੱਰ ਪਾਰਟੀਆਂ ਦੇਣ ਲੱਗ ਪਏ।

ਅੱਜ ਫਿਰ ਦਸੰਬਰ 1982 ਤੋਂ ਪਹਿਲਾਂ ਵਾਲੇ ਬੱਦਲ ਕਰਮਚਾਰੀਆਂ ਦੇ ਸਿਰ ਉਪਰ ਮੰਡਰਾਉਣ ਲੱਗ ਪਏ ਹਨ। ਉਪਰੋਕਤ ਮਹੱਤਵਪੂਰਨ ਫੈਸਲੇ ਦੇ ਚਾਰ ਦਹਾਕਿਆਂ ਬਾਅਦ ਵੀ ਆਮ ਤੌਰ 'ਤੇ ਪੈਨਸ਼ਨਰਾਂ ਦੀ ਦਸ਼ਾ ਬਹੁਤ ਚੰਗੀ ਤਰ੍ਹਾਂ ਸਾਡੇ ਸਾਹਮਣੇ ਹੈ। ਅਪ੍ਰੈਲ 2004 ਤੋਂ ਨਵੀਂ ਭਰਤੀ ਲਈ ਮੁਲਾਜ਼ਮ ਵਿਰੋਧੀ ਨਵੀ ਪੈਨਸ਼ਨ ਸਕੀਮ ਦੇ ਨਾਂਅ ਹੇਠ ਸਾਲਾਂ ਦੀ ਘਾਲਣਾ ਨਾਲ ਪ੍ਰਾਪਤ ਕੀਤੀ ਪੁਰਾਣੀ ਪੈਨਸ਼ਨ ਸਕੀਮ ਬੰਦ ਕਰ ਦਿੱਤੀ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ ਕਰਮਚਾਰੀਚਾਰੀ ਲਗਾਤਾਰ ਸੰਘਰਸ਼ਸ਼ੀਲ ਹਨ। ਸਮੁੱਚੇ ਭਾਰਤ ਦੇ ਮੁਲਾਜ਼ਮ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਵਾਉਣ ਲਈ ਇੱਕ ਮੱਤ ਹਨ।

ਏਥੇ ਹੀ ਬਸ ਨਹੀਂ ਸਰਕਾਰ ਪੂੰਜੀਪਤੀਆਂ ਅਤੇ ਇਜਾਰੇਦਾਰ ਕਾਰਪੋਰੇਟ ਘਰਾਣਿਆਂ ਕਾਰਨ ਪੈਦਾ ਹੋ ਰਹੀ ਆਰਥਿਕਮੰਦੀ ਦੇ ਨਾਂਅ ਹੇਠ ਚੰਗਾ ਜੀਵਨ ਜਿਊਣ ਲਈ ਪ੍ਰਾਪਤ ਕੀਤੀਆਂ ਕੁਝ ਸਹੂਲਤਾਂ ਵਿੱਚ ਵੀ ਕਟੌਤੀਆਂ ਕਰਨ ਵੱਲ ਜਾ ਰਹੀ ਹੈ। ਇਸ ਵਿੱਚ ਸਰਕਾਰੀ ਕਰਮਚਾਰੀਆਂ ਦੀਆਂ ਤਨਖਾਹਾਂ ਵਿੱਚ ਕਟੌਤੀ ਜਾਂ ਰੋਕ, ਭਰਤੀ 'ਤੇ ਰੋਕ ਅਤੇ ਪੈਨਸ਼ਨਾਂ ਅਤੇ ਮਹਿੰਗਾਈ ਭੱਤੇ ਨੂੰ ਫ੍ਰੀਜ਼ ਕਰਨਾ, ਪੈਨਸ਼ਨਰਾਂ ਨੂੰ ਦਿੱਤੀਆਂ ਜੀਵਨ ਸਹਾਇਕ ਸਹੂਲਤਾਂ ਵਾਪਸ ਲੈਣੀਆਂ ਵੀ ਸ਼ਾਮਲ ਹਨ, ਵੱਲ ਕਦਮ ਪੁੱਟਦੀ ਜਾ ਰਹੀ ਹੈ। ਲੋਕ ਵਿਰੋਧੀ ਨੀਤੀਆਂ, ਜਿਨ੍ਹਾਂ ਰਾਹੀਂ ਟੈਕਸਾਂ ਵਿੱਚ ਵਾਧਾ, ਸਰਕਾਰੀ ਪ੍ਰੋਗਰਾਮਾਂ ਵਿੱਚ ਕਟੌਤੀ; ਜਿਵੇਂ ਕਿ ਸਿਹਤ ਸੰਭਾਲ ਸੇਵਾਵਾਂ ਅਤੇ ਸਾਬਕਾ ਸੈਨਿਕਾਂ ਨੂੰ ਸਹਾਇਤਾ, ਪੈਨਸ਼ਨਾਂ ਵਿੱਚ ਕਟੌਤੀ, ਅਤੇ ਸਰਕਾਰੀ ਕਰਮਚਾਰੀਆਂ ਲਈ ਤਨਖਾਹਾਂ ਵਿੱਚ ਕਟੌਤੀ ਸ਼ਾਮਲ ਹੈ। ਇਸ ਦੇ ਬਾਵਜੂਦ ਲੋਕ ਸਭਾ ਮੈਂਬਰਾਂ ਅਤੇ ਵਿਧਾਇਕਾਂ ਨੂੰ ਪੈਨਸ਼ਨਾਂ ਅਤੇ ਹੋਰ ਅਨੇਕਾਂ ਪ੍ਰਕਾਰ ਦੀਆਂ ਸਹੂਲਤਾਂ ਨਿਰਵਿਘਨ ਜਾਰੀ ਹਨ, ਉਨ੍ਹਾਂ ਉਪਰ ਕੋਈ ਸੇਵਾ ਨਿਯਮ ਲਾਗੂ ਨਹੀਂ ਹੁੰਦੇ। ਸਰਕਾਰਾਂ ਲਗਾਤਾਰ ਮੁਲਾਜ਼ਮਾਂ ਅਤੇ ਪੈਨਸ਼ਨਰਜ਼ ਵਿਰੋਧੀ ਫੈਸਲੇ ਲੈ ਰਹੀਆਂ ਹਨ। ਮਰਹੂਮ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਬਣੀ ਸਰਕਾਰ ਨੇ ਅਪ੍ਰੈਲ 2004 ਤੋਂ ਹੋਣ ਵਾਲੀਆਂ ਨਿਯੁਕਤੀਆਂ ਉਪਰ ਤਾਇਨਾਤ ਮੁਲਾਜ਼ਮਾਂ ਲਈ ਇਹ ਪੈਨਸ਼ਨ ਸਕੀਮ ਹੀ ਬੰਦ ਕਰ ਦਿੱਤੀ। ਜਦੋਂ ਕਿ ਐੱਮ ਐੱਲ ਏ ਅਤੇ ਮੈਂਬਰ ਲੋਕ ਸਭਾ ਬਾਕਾਇਦਾ ਪੈਨਸ਼ਨ ਲੈ ਰਹੇ ਹਨ।

ਸਰਕਾਰ ਇਹ ਰੱਟ ਲਗਾਉਂਦੀ ਨੀ ਥੱਕਦੀ ਕਿ ਕਾਨੂੰਨ ਸਭ ਲਈ ਬਰਾਬਰ ਹਨ। ਇਥੋਂ ਤੱਕ ਕਿ ਇਨ੍ਹਾਂ ਮੈਂਬਰਾਂ ਦਾ ਆਮਦਨ ਕਰ ਵੀ ਸਰਕਾਰੀ ਖਜ਼ਾਨੇ ਵਿੱਚੋਂ ਅਦਾ ਕੀਤਾ ਜਾਂਦਾ ਹੈ। ਇਨ੍ਹਾਂ ਉਪਰ ਸੀ ਐੱਸ ਆਰ ਦੀ ਕੋਈ ਧਾਰਾ ਲਾਗੂ ਨਹੀਂ ਹੁੰਦੀ ?

ਆਓ, ਸਾਰੇ ਮਿਲ ਕੇ ਲੰਮੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੁਝ ਸਹੂਲਤਾਂ ਨੂੰ ਬਰਕਰਾਰ ਰੱਖਣ ਅਤੇ ਪੈਨਸ਼ਨਰਾਂ ਲਈ ਇਨਸਾਫ਼ ਦੀ ਮੰਗ ਲਈ ਸਾਂਝੇ ਤੌਰ 'ਤੇ ਆਪਣੀ ਲੜਾਈ ਜਾਰੀ ਰੱਖੀਏ।

 # ਸੰਪਰਕ : 98550-04500

ਚਿੰਤਾਜਨਕ ਹੈ ਭਾਰਤ 'ਚ ਘੱਟ ਗਿਣਤੀਆਂ ਦੇ ਹੱਕਾਂ ਦੀ ਸਥਿਤੀ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਭਾਰਤ ਇੱਕ ਬਹੁਧਰਮੀ ਅਤੇ ਬਹੁਭਾਸ਼ਾਈ ਮੁਲਕ ਹੈ। ਕਿਸੇ ਵੇਲੇ ਇਹ ਦੋ ਤੱਤ ਇਸ ਦੀ ਸੱਭਿਅਚਾਰਕ ਖੂਬਸੂਰਤੀ ਦਾ ਪ੍ਰਤੀਕ ਮੰਨੇ ਜਾਂਦੇ ਸਨ। ਇੱਥੇ ਹਰ ਫ਼ਿਰਕੇ ਤੇ ਹਰ ਭਾਸ਼ਾ ਜਾਂ ਬੋਲੀ ਦੇ ਲੋਕਾਂ ਨੂੰ ਖਿੜੇ ਮੱਥੇ ਸਵੀਕਾਰ ਕੇ ਤੇ ਉਨ੍ਹਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਦਿਲ ਟੁੰਬਵੀਂ ਰਵਾਇਤ ਸੀ। ਵਰਤਮਾਨ ਸਮੇਂ ਅੰਦਰ ਭਾਰਤ ਵਿੱਚ ਵਸਦੇ ਘੱਟ ਗਿਣਤੀ ਫ਼ਿਰਕਿਆਂ ਨਾਲ ਹੋ ਰਹੇ ਅਸਾਵੇਂ ਤੇ ਮਾੜੇ ਸਲੂਕ ਕਰਕੇ ਪੀੜਤ ਫ਼ਿਰਕਿਆਂ ਦੇ ਬਾਸ਼ਿੰਦਿਆਂ ਦੇ ਮਨਾਂ ਅੰਦਰ ਪੀੜ ਅਤੇ ਅਫ਼ਸੋਸ ਦੇ ਭਾਵ ਹਨ। ਇੱਥੇ ਸੱਤਾ 'ਤੇ ਕਾਬਜ਼ ਰਹਿਣ ਦੇ ਮਕਸਦ ਨਾਲ ਕੁਝ ਇੱਕ ਖੇਤਰਾਂ ਵਿੱਚ ਬਹੁ-ਗਿਣਤੀ ਵੱਲੋਂ ਘੱਟ ਗਿਣਤੀ ਪ੍ਰਤੀ ਧੌਂਸ ਵਾਲਾ ਰਵੱਈਆ ਅਖ਼ਤਿਆਰ ਕੀਤਾ ਜਾ ਰਿਹਾ ਹੈ ਤੇ ਵੱਖ-ਵੱਖ ਇਲਜ਼ਾਮਾਂ ਹੇਠ ਉਨ੍ਹਾਂ ਨੂੰ ਬਦਨਾਮ ਤੇ ਪ੍ਰਤਾੜਿਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨਾਲ ਸਮਾਜਿਕ ਤਾਣੇ-ਬਾਣੇ ਵਿੱਚ ਤਣਾਅ ਅਤੇ ਟਕਰਾਅ ਦੀ ਸਥਿਤੀ ਬਣਦੀ ਨਜ਼ਰ ਆ ਰਹੀ ਹੈ, ਜੋ ਕਿ ਦੇਸ਼ ਅਤੇ ਸਮਾਜ ਦੀ ਸਿਹਤ ਪ੍ਰਤੀ ਚਿੰਤਤ ਲੋਕਾਂ ਨੂੰ ਬੁਰੀ ਤਰ੍ਹਾਂ ਚੂੰਢ ਰਹੀ ਹੈ। ਅੱਜ 'ਘੱਟ ਗਿਣਤੀਆਂ ਦੇ ਹੱਕਾਂ ਦੇ ਕੌਮੀ ਦਿਵਸ' ਮੌਕੇ ਭਾਰਤੀ ਸਮਾਜ ਵਿੱਚ ਘੱਟ ਗਿਣਤੀਆਂ ਨੂੰ ਬਣਦਾ ਮਾਣ-ਸਤਿਕਾਰ ਤੇ ਬਣਦੇ ਹੱਕ ਦੇ ਕੇ ਆਪਸੀ ਪ੍ਰੇਮ, ਸਾਂਝ ਅਤੇ ਬਰਾਬਰੀ ਦਿੱਤੇ ਜਾਣ ਦਾ ਵਾਤਾਵਰਣ ਸਿਰਜੇ ਜਾਣ ਦੀ ਬੜੀ ਭਾਰੀ ਲੋੜ ਹੈ।

ਦਰਅਸਲ 18 ਦਸੰਬਰ, 1992 ਨੂੰ ਸੰਯੁਕਤ ਰਾਸ਼ਟਰ ਸੰਘ ਵੱਲੋਂ 'ਘੱਟ ਗਿਣਤੀਆਂ ਦੇ ਹੱਕਾਂ ਦਾ ਦਿਵਸ' ਮਨਾਏ ਜਾਣ ਦਾ ਐਲਾਨ ਕੀਤਾ ਗਿਆ ਸੀ। ਸੰਨ 1992 ਵਿੱਚ ਹੀ ਭਾਰਤ ਸਰਕਾਰ ਵੱਲੋਂ 'ਕੌਮੀ ਘੱਟ ਗਿਣਤੀ ਕਮਿਸ਼ਨ' ਦੀ ਸਥਾਪਨਾ ਕਰ ਦਿੱਤੀ ਗਈ ਸੀ ਤੇ ਭਾਰਤ ਵੱਲੋਂ ਕੌਮਾਂਤਰੀ ਕਾਨੂੰਨਾਂ ਦੇ ਮੱਦੇਨਜ਼ਰ ਘੱਟ ਗਿਣਤੀਆਂ ਦੇ ਹੱਕਾਂ ਦੀ ਪਛਾਣ ਅਤੇ ਰਾਖੀ ਕਰਨ ਦੀ ਵਚਨਬੱਧਤਾ ਦਾ ਪ੍ਰਗਟਾਵਾ ਕਰ ਦਿੱਤਾ ਗਿਆ ਸੀ।

ਉਪਰੋਕਤ ਦਿਵਸ ਮੌਕੇ ਕੇਂਦਰ ਸਰਕਾਰ ਹਮੇਸ਼ਾ ਇਹ ਯਕੀਨ ਦੁਆਉਂਦੀ ਹੈ ਕਿ ਉਹ ਬਿਨਾਂ ਕਿਸੇ ਭੇਦਭਾਵ ਅਤੇ ਸਮਾਨਤਾ ਦੇ ਸਿਧਾਂਤ ਦੀ ਵਰਤੋਂ ਕਰਦਿਆਂ ਹੋਇਆਂ ਘੱ

18-DEC-PAGE-5.qxd 12/17/2023 10:18 PM Page 1

ਪੈਨਸ਼ਨ ਸੇਵਾ-ਮੁਕਤ ਮੁਲਾਜ਼ਮਾਂ ਦਾ ਸੰਵਿਧਾਨਕ ਹੱਕ : ਗਿੱਲ, ਕੁੱਸਾ

ਪੈਨਸ਼ਨਰ ਦਿਵਸ ਮੌਕੇ 70 ਸਾਲਾ ਅਪੰਗ ਤੇ ਸੀਨੀਅਰ ਪੈਨਸ਼ਨਰਜ਼ ਕੀਤੇ ਸਨਮਾਨਤ

ਮੋਗਾ (ਅਮਰਜੀਤ ਬੱਬਰੀ)-ਸ਼ਹੀਦ ਕਾਮਰੇਡ ਨਛੱਤਰ ਸਿੰਘ ਭਵਨ ਮੋਗਾ ਵਿਖੇ ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮੋਗਾ ਵੱਲੋਂ ਸੁਪਰੀਮ ਕੋਰਟ ਦੇ 17 ਦਸੰਬਰ 1982 ਦੇ ਪੈਨਸ਼ਨ ਸਬੰਧੀ ਦਿੱਤੇ ਫੈਸਲੇ ਦੀ ਰੋਸ਼ਨੀ ਵਿੱਚ ਪੈਨਸ਼ਨਰ ਦਿਵਸ ਸੂਬਾ ਪ੍ਰਧਾਨ ਭਜਨ ਸਿੰਘ ਗਿੱਲ ਦੀ ਰਹਿਨਮਾਈ ਹੇਠ ਧੂਮ ਧਾਮ ਨਾਲ ਮਨਾਇਆ ਗਿਆ । ਪੈਨਸ਼ਨਰ ਦਿਵਸ ਦੀ ਮਹੱਤਤਾ ਬਾਰੇ ਬੁਲਾਰਿਆਂ ਭਜਨ ਸਿੰਘ ਗਿੱਲ ਸੂਬਾ ਪ੍ਰਧਾਨ, ਸੁਰਿੰਦਰ ਰਾਮ ਕੁੱਸਾ ਸੂਬਾ ਜਨਰਲ ਸਕੱਤਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਦੱਸਿਆ ਕਿ ਸੁਪਰੀਮ ਕੋਰਟ ਨੇ ਮੁਲਾਜ਼ਮਾਂ ਦੀ ਸੇਵਾ ਮੁਕਤੀ ਤੋਂ ਬਾਅਦ ਪੈਨਸ਼ਨ ਨੂੰ ਜ਼ਰੂਰੀ ਕਰਾਰ ਦਿੱਤਾ, ਪੈਨਸ਼ਨਰ ਦੀ ਸਮਾਜਿਕ ਸੁਰੱਖਿਆ ਤੇ ਬੁਢਾਪੇ ਵਿੱਚ ਜੀਵਨ ਗੁਜ਼ਾਰਨ ਲਈ ਪੈਨਸ਼ਨ ਸੇਵਾ ਮੁਕਤ ਮੁਲਾਜ਼ਮਾਂ ਦਾ ਸੰਵਿਧਾਨਕ ਹੱਕ ਕਰਾਰ ਦਿੱਤਾ ਹੈ, ਪਰ ਕੇਂਦਰ ਸਰਕਾਰ ਨੇ ਵਾਜਪਾਈ ਪ੍ਰਧਾਨ ਮੰਤਰੀ ਦੇ ਕਾਰਜ ਕਾਲ ਦੌਰਾਨ ਜਨਵਰੀ 2004 ਤੋਂ ਬਾਅਦ ਸੇਵਾ ਵਿੱਚ ਆਏ ਮੁਲਜ਼ਮਾਂ 'ਤੇ ਐੱਨ ਪੀ ਐੱਸ ਲਾਗੂ ਕਰਕੇ ਪੁਰਾਣੀ ਪੈਨਸ਼ਨ ਦਾ ਹੱਕ ਖੋਹ ਕੇ ਸੁਪਰੀਮ ਕੋਰਟ ਦੇ ਫੈਸਲੇ ਦੀ ਤੌਹੀਨ ਕੀਤੀ ਹੈ।ਇਸ ਲਈ ਅੱਜ ਵੱਖ ਵੱਖ ਮੁਲਾਜ਼ਮ/ਪੈਨਸ਼ਨਰਜ਼ ਜਥੇਬੰਦੀਆਂ ਲਈ ਪੁਰਾਣੀ ਪੈਨਸ਼ਨ ਬਹਾਲ ਕਰਵਾਉਣ ਦਾ ਮਸਲਾ ਕਰੋ ਜਾਂ ਮਰੋ ਦਾ ਸੰਘਰਸ਼ ਬਣ ਚੁੱਕਿਆ ਹੈ। ਬੁਲਾਰਿਆਂ ਬਿੱਕਰ ਸਿੰਘ ਮਾਛੀਕੇ, ਪ੍ਰੇਮ ਕੁਮਾਰ, ਕੇਹਰ ਸਿੰਘ ਕਿਸ਼ਨਪੁਰਾ, ਬਲਵੀਰ ਸਿੰਘ ਮੋਗਾ, ਮੱਖਣ ਸਿੰਘ ਬਰਾੜ ਸਾਬਕਾ ਜੀ ਟੀ ਯੂ ਪ੍ਰਧਾਨ, ਸੁਰਿੰਦਰ ਪਾਲ ਸਿੰਘ, ਜਾਗੀਰ ਸਿੰਘ ਖੋਖਰ, ਗੁਰਜੰਟ ਸਿੰਘ ਸੰਘਾ, ਚਮਕੌਰ ਸਿੰਘ ਸਰਾਂ, ਸ਼ਮਸ਼ੇਰ ਸਿੰਘ, ਸੁਰਿੰਦਰ ਸਿੰਘ ਮੋਗਾ ਸਾਬਕਾ ਡੀ ਟੀ ਐੱਫ਼ ਪ੍ਰਧਾਨ, ਪਰਮਜੀਤ ਸਿੰਘ ਸੇਵਾ ਮੁਕਤ ਸੁਪਰਡੈਂਟ, ਮਾਸਟਰ ਸੁਖਦੇਵ ਸਿੰਘ, ਤਰਸੇਮ ਸ਼ਰਮਾ, ਗੁਰਮੇਲ ਸਿੰਘ ਬੋਡੇ ਨੇ ਕੇਂਦਰ ਸਰਕਾਰ ਤੇ ਰਿਜ਼ਰਵ ਬੈਂਕ ਵੱਲੋਂ ਪੁਰਾਣੀ ਪੈਨਸ਼ਨ ਦੁਬਾਰਾ ਲਾਗੂ ਕਰਨ ਨਾਲ ਦੇਸ਼ ਦੇ ਵਿਕਾਸ 'ਚ ਰੁਕਾਵਟ ਵਰਗਾ ਕੂੜ ਪ੍ਰਚਾਰ ਕਰਕੇ ਇਸ ਕਾਨੂੰਨੀ ਹੱਕ ਨੂੰ ਖੋਹਣ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।ਬੁਲਾਰਿਆਂ ਨੇ ਪੰਜਾਬ ਸਰਕਾਰ ਦੁਆਰਾ ਡੀ ਏ ਦੀਆਂ ਕਿਸ਼ਤਾਂ ਜਾਰੀ ਨਾ ਕਰਨ ਤੇ ਇਨ੍ਹਾਂ ਨੂੰ ਕੇਂਦਰ ਨਾਲੋਂ ਡੀ ਲਿੰਕ ਕਰਨ ਦੀ ਤਿੱਖੀ ਨੁਕਤਾਚੀਨੀ

ਕੀਤੀ ਤੇ ਰਹਿੰਦੀਆਂ ਤਿੰਨ ਕਿਸ਼ਤਾਂ ਜਾਰੀ ਕਰਨ ਦੀ ਮੰਗ ਕੀਤੀ ਅਤੇ ਛੇਵੇਂ ਪੇ ਕਮਿਸ਼ਨ ਅਨੁਸਾਰ ਪੈਨਸ਼ਨਰਾਂ 'ਤੇ 2.59 ਦਾ ਗੁਣਾਕ ਅਤੇ ਨੈਸ਼ਨਲ ਫਿਕਸੇਸ਼ਨ ਵਿਧੀ ਲਾਗੂ ਕਰਨ ਦੀ ਮੰਗ ਕੀਤੀ।

ਸਮਾਗਮ ਵਿੱਚ 53 ਪੈਨਸ਼ਨਰ ਸਨਮਾਨਤ ਕੀਤੇ ਗਏ ਤੇ ਪੈਨਸ਼ਨਰਾਂ ਨੂੰ ਉਨ੍ਹਾਂ ਦੀ ਤੰਦਰੁਸਤੀ ਤੇ ਲੰਮੀ ਉਮਰ ਦੀ ਕਾਮਨਾ ਕੀਤੀ ਗਈ।ਪੈਨਸ਼ਨਰਜ਼ ਡੇ 'ਤੇ ਖਜ਼ਾਨਾ ਦਫ਼ਤਰ ਵੱਲੋਂ ਜਸਵਿੰਦਰ ਸਿੰਘ, ਕਮਲਪ੍ਰੀਤ ਸਿੰਘ ਵੀ ਸ਼ਾਮਲ ਹੋਏ।ਸਮਾਗਮ 'ਚ ਪੰਜਾਬ ਸਰਕਾਰ ਦੇ ਦਫ਼ਤਰੀ ਕਾਮਿਆਂ ਦੇ ਸੰਘਰਸ਼ ਦੀ ਪੂਰਨ ਹਮਾਇਤ ਕਰਦਾ ਇੱਕ ਮਤਾ ਵੀ ਪਾਸ ਕੀਤਾ ਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਕਰਨ ਦੀ ਪੁਰਜ਼ੋਰ ਮੰਗ ਕੀਤੀ।ਸਮਾਗਮ ਵਿੱਚ ਅਸ਼ੋਕ ਚਟਾਨੀ, ਚਮਕੌਰ ਸਿੰਘ ਸਰਾਂ, ਸੁਖਚੈਨ ਸਿੰਘ ਹੀਰਾ, ਸੁਰਜੀਤ ਸਿੰਘ ਕਾਉਂਕੇ, ਮਨਜੀਤ ਸਿੰਘ ਮੱਲ੍ਹਾ ਤੇ ਪ੍ਰੇਮ ਕੁਮਾਰ ਨੇ ਇਨਕਲਾਬੀ ਗੀਤ ਪੇਸ਼ ਕੀਤੇ। ਅੰਤ ਵਿੱਚ ਜ਼ਿਲ੍ਹਾ ਪ੍ਰਧਾਨ ਸੁਖਮੰਦਰ ਸਿੰਘ ਨੇ ਪ੍ਰਬੰਧਕ ਕਮੇਟੀ ਦੇ ਵਰਕਰਾਂ ਇੰਦਰਜੀਤ ਸਿੰਘ, ਪ੍ਰੀਤਮ ਸਿੰਘ ਕੈਂਥ, ਬਲਬੀਰ ਸਿੰਘ, ਨਾਇਬ ਸਿੰਘ, ਬਲਵਿੰਦਰ ਸਿੰਘ ਗਿੱਲ ਦਾ ਸੁਚਾਰੂ ਪ੍ਰਬੰਧ ਕਰਨ ਅਤੇ ਸਮੂਹ ਪੈਨਸ਼ਨਰਾਂ ਦਾ ਪ੍ਰੋਗਰਾਮ ਵਿੱਚ ਸ਼ਾਮਲ ਹੋਣ 'ਤੇ ਧੰਨਵਾਦ ਕੀਤਾ।

ਕੰਪਿਊਟਰ ਸੈਂਟਰ ਖੇੜੀ ਜੱਟਾਂ ਵਿਖੇ ਸਿਖਿਆਰਥੀਆਂ ਨੂੰ ਸਰਟੀਫਿਕੇਟ ਵੰਡੇ

ਸੰਗਰੂਰ (ਪ੍ਰਵੀਨ ਸਿੰਘ)-ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਵੱਲੋਂ ਪੇਂਡੂ ਖੇਤਰ ਦੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪਿੰਡ ਖੇੜੀ ਜੱਟਾਂ ਵਿਖੇ ਖੋਲ੍ਹੇ ਗਏ ਕੰਪਿਊਟਰ ਸੈਂਟਰ ਦੇ 12ਵੇਂ ਬੈਚ ਦੇ ਸਰਟੀਫਿਕੇਟ ਵੰਡੇ ਗਏ। ਪਿੰਡ ਖੇੜੀ ਜੱਟਾਂ ਵਿਖੇ ਪਟਵਾਰੀ ਗਿਰਧਾਰੀ ਲਾਲ ਮੈਮੋਰੀਅਲ ਇੰਸਟੀਚਿਊਟ ਵਿਖੇ 2015 ਤੋਂ ਚੱਲ ਰਹੇ ਕੰਪਿਊਟਰ ਸੈਂਟਰ 'ਚ ਨੇੜੇ ਤੇੜੇ ਦੇ 7-8 ਪਿੰਡਾਂ ਦੇ ਸਿਖਿਆਰਥੀ ਮੁੰਡੇ-ਕੁੜੀਆਂ ਕੰਪਿਊਟਰ ਟ੍ਰੇਨਿੰਗ ਲੈਣ ਲਈ ਆਉਂਦੇ ਹਨ। ਇਸ ਵਾਰ 12ਵੇਂ ਬੈਚ ਵਿੱਚ ਸਫਲ ਹੋਏ ਸਿਖਿਆਰਥੀ ਤੇ ਸਿਖਿਆਰਥਣਾਂ ਨੂੰ ਸਰਟੀਫਿਕੇਟ ਵੰਡਣ ਲਈ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਕੰਪਿਊਟਰ ਸੈਂਟਰ ਦੇ ਪ੍ਰਬੰਧਕ ਫਤਿਹ ਪ੍ਰਭਾਕਰ, ਮਹਿਮਾਨ ਦੇ ਤੌਰ, ਰਿਟਾ. ਪੁਲਸ ਇੰਸਪੈਕਟਰ ਕਲਾਧਾਰੀ ਸ਼ਰਮਾ, ਸੀਨੀਅਰ ਸਹਾਇਕ ਸੁਨੀਲ ਕੁਮਾਰ ਤੇ ਪਿੰਡ ਖੇੜੀ ਜੱਟਾਂ ਦੇ ਸਾਬਕਾ ਬਲਾਕ ਸੰਮਤੀ ਮੈਂਬਰ ਸੁਰਜੀਤ ਉਚੇਚੇ ਤੌਰ ਤੇ ਇੰਸਟੀਚਿਊਟ ਦੇ ਬੱਚਿਆਂ ਨੂੰ ਟ੍ਰੇਨਿੰਗ ਪੂਰੀ ਕਰਨ ਤੇ ਸਰਟੀਫਿਕੇਟ ਵੰਡਣ ਲਈ ਪਹੁੰਚੇ। ਇਸ ਸਮੇਂ ਕਲਾਧਾਰੀ ਸ਼ਰਮਾ ਨੇ ਕਿਹਾ ਕਿ ਸਾਡੇ ਸਮੇਂ ਵਿੱਚ ਕੰਪਿਊਟਰ ਨਹੀਂ ਸੀ ਹੁੰਦੇ ਤੇ ਉਸ ਉਪਰੰਤ ਜਦੋਂ ਅਸੀਂ ਵਿਭਾਗ ਵਿੱਚ ਵੱਡੇ ਰੈਂਕਾਂ 'ਤੇ ਪਹੁੰਚੇ ਤਾਂ ਸਾਨੂੰ ਕੰਪਿਊਟਰ ਟ੍ਰੇਨਿੰਗ ਜ਼ਰੂਰੀ ਕਰ ਦਿੱਤੀ ਗਈ ਤੇ ਉਸ ਸਮੇਂ ਅਸੀਂ ਇਹ ਟ੍ਰੇਨਿੰਗ ਹਾਸਲ ਕੀਤੀ। ਉਨ੍ਹਾਂ ਕਿਹਾ ਕਿ ਡਾ. (ਪ੍ਰੋ) ਐੱਸ. ਪੀ. ਸਿੰਘ ਓਬਰਾਏ ਜਿਹੜੇ ਵਿਦੇਸ਼ਾਂ ਵਿੱਚ ਕਾਰੋਬਾਰ ਚਲਾਉਂਦੇ ਹਨ, ਉਨ੍ਹਾਂ ਨੂੰ ਅੱਜ ਵੀ ਆਪਣੇ ਦੇਸ਼ ਤੇ ਨੌਜਵਾਨਾਂ ਦੇ ਭਵਿੱਖ ਪ੍ਰਤੀ ਚਿੰਤਾ ਹੈ ਤੇ ਇਸ਼ ਲਈ ਉਨ੍ਹਾਂ ਨੇ ਪੇਂਡੂ ਖੇਤਰ ਦੇ ਬੱਚਿਆਂ ਨੂੰ ਕੰਪਿਊਟਰ ਟ੍ਰੇਨਿੰਗ ਨਾਲ ਜੋੜਨ ਦਾ ਯਤਨ ਕੀਤਾ। ਇਸ ਸਮੇਂ ਸਫਲ ਹੋਏ ਸਿਖਿਆਰਥੀ ਤੇ ਸਿਖਿਆਰਥਣਾਂ ਨੂੰ ਸੰਸਥਾ ਵੱਲੋਂ ਆਈ.ਐੱਸ.ਓ. ਸਰਟੀਫਿਕੇਟ ਵੰਡੇ ਗਏ।

ਰੂਪ ਵਾਟਿਕਾ ਸਕੂਲ 'ਚ ਸਾਲਾਨਾ ਖੇਡ ਦਿਵਸ ਮਨਾਇਆ

ਜਗਰਾਉਂ, (ਅਮਿਤ ਖੰਨਾ) ਰੂਪ ਵਾਟਿਕਾ ਸਕੂਲ ਵਿੱਚ ਸ਼ੁੱਕਰਵਾਰ ਤੇ ਸ਼ਨੀਵਾਰ ਨੂੰ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਵਿੰਮੀ ਠਾਕੁਰ ਦੀ ਅਗਵਾਈ ਵਿੱਚ ਖੇਡ ਦਿਵਸ ਮਨਾਇਆ ਗਿਆ। ਸਭ ਤੋਂ ਪਹਿਲਾਂ ਮੁੱਖ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਸਕੂਲ ਮੈਨੇਜਮੈਂਟ ਦੇ ਸਮੂਹ ਮੈਂਬਰਾਂ ਤੇ ਪ੍ਰਿੰਸੀਪਲ ਵਿੰਮੀ ਠਾਕੁਰ ਨੇ ਮਿਸ਼ਾਲ ਜਗਾ ਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ।

ਉਪਰੰਤ ਨਵਕਾਰ ਮੰਤਰ ਦਾ ਜਾਪ ਕੀਤਾ ਗਿਆ। ਖੇਡ ਮੁਕਾਬਲਿਆਂ ਦੀ ਸ਼ੁਰੂਆਤ ਵਿੱਚ ਸਭ ਤੋਂ ਪਹਿਲਾਂ ਸਾਰੇ ਹਾਊਸਾਂ ਦੇ ਵਿਦਿਆਰਥੀਆਂ ਵੱਲੋਂ ਮਾਰਚ ਪਾਸਟ ਕੀਤਾ ਗਿਆ। ਉਪਰੰਤ ਝੰਡਾ ਲਹਿਰਾਇਆ ਗਿਆ ਤੇ ਵਿਦਿਆਰਥੀਆਂ ਵੱਲੋਂ ਸਹੁੰ ਚੁੱਕੀ ਗਈ। ਸਕੂਲ ਦੇ ਵਿਦਿਆਰਥੀਆਂ ਨੇ ਆਪਣੇ ਜੂੰਬਾ ਡਾਂਸ ਨਾਲ ਸਮੂਹ ਦਰਸ਼ਕਾਂ ਦਾ ਮਨ ਮੋਹ ਲਿਆ। ਇਸ ਉਪਰੰਤ ਜਮਾਤ ਤੀਸਰੀ ਤੋਂ ਪੰਜਵੀਂ ਜਮਾਤ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਡਾਂਸ ਪੇਸ਼ ਕੀਤਾ ਗਿਆ। ਖੇਡ ਦਿਵਸ ਮੌਕੇ ਵਿਦਿਆਰਥਣਾਂ ਵੱਲੋਂ ਵੱਖ-ਵੱਖ ਖੇਡਾਂ ਤੋਂ ਇਲਾਵਾ 200 ਮੀਟਰ ਜੂਨੀਅਰ ਦੌੜ, 200 ਮੀਟਰ ਸੀਨੀਅਰ ਦੌੜ ਅਤੇ 100 ਮੀਟਰ ਸਬ ਜੂਨੀਅਰ ਦੌੜ ਕਰਾਈ ਗਈ।

ਸਕੂਲ ਦੇ ਵਿਹੜੇ ਵਿੱਚ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। 6ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਲੰਬੀ ਛਾਲ ਅਤੇ ਸ਼ਾਟਪੁੱਟ ਵਿੱਚ ਵਧੀਆ ਪ੍ਰਦਰਸ਼ਨ ਕੀਤਾ। ਬੱਚਿਆਂ ਨੇ ਬੋਰੀ ਦੌੜ, ਮਿਊਜ਼ੀਕਲ ਚੇਅਰ ਰੇਸ, ਥ੍ਰੀ ਲੈੱਗ ਰੇਸ, ਰਿਲੇਅ ਰੇਸ ਅਤੇ ਰੱਸਾਕਸ਼ੀ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਸਾਰੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਇਸ ਉਪਰੰਤ ਅਧਿਆਪਕਾਂ ਦੇ ਵੱਖ-ਵੱਖ ਤਰ੍ਹਾਂ ਦੇ ਖੇਡ ਮੁਕਾਬਲੇ ਵੀ ਕਰਾਏ ਗਏ। ਖੇਡ ਮੁਕਾਬਲੇ ਵਿੱਚ ਹਰ ਤਰ੍ਹਾਂ ਦੀਆਂ ਖੇਡਾਂ 'ਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਦੀ ਚੋਣ ਕਰਕੇ ਸਨਮਾਨਤ ਕੀਤਾ ਗਿਆ। ਖੇਡ ਮੁਕਾਬਲਿਆਂ ਵਿੱਚ ਜੇਤੂ ਰਹੇ ਅਧਿਆਪਕਾਂ ਨੂੰ ਵੀ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ। ਇਸ ਉਪਰੰਤ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਵਿੰਮੀ ਠਾਕੁਰ ਤੇ ਪ੍ਰਧਾਨ ਰਮੇਸ਼ ਜੈਨ, ਸੈਕਟਰ ਧਰਮਪਾਲ ਜੈਨ, ਕੈਸ਼ੀਅਰ ਵਿਜੇ ਜੈਨ, ਰਾਕੇਸ਼ ਜੈਨ, ਨੇਸਾ ਤਰੁਣ ਜੈਨ, ਹੈਪੀ ਜੈਨ, ਅਨੀਸ਼ ਜੈਨ, ਅਜੇ ਜੈਨ ਵੱਲੋਂ 2022-23 ਦੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਅਕਾਦਮਿਕ ਇਨਾਮ ਦਿੱਤੇ ਗਏ। ਬੈਸਟ ਸਪੋਰਟਸਮੈਨ ਦਾ ਐਵਾਰਡ ਗੁਰਪ੍ਰੀਤ ਸਿੰਘ ਨੂੰ, ਬੈਸਟ ਸਿੰਗਰ ਦਾ ਐਵਾਰਡ ਲੋਕੇਸ਼ ਕੁਮਾਰ ਨੂੰ, ਬੈਸਟ ਆਰਟਿਸਟ ਦਾ ਐਵਾਰਡ ਸੰਚਿਤਾ ਨੂੰ, ਬੈਸਟ ਡਾਂਸਰ ਦਾ ਐਵਾਰਡ ਹਰਸ਼ਿਤਾ ਨੂੰ ਤੇ ਬੈਸਟ ਐਥਲੀਟ ਦਾ ਐਵਾਰਡ ਈਹਮ ਸ਼ਰਮਾ ਨੂੰ ਦਿੱਤਾ ਗਿਆ। ਕ੍ਰਿਸ਼ ਨੂੰ ਸਟੂਡੈਂਟ ਆਫ ਦਿ ਈਅਰ ਚੁਣਿਆ ਗਿਆ। ਗ੍ਰੀਨ ਹਾਊਸ ਨੂੰ ਘਰਾਂ ਵਿੱਚੋਂ ਸਭ ਤੋਂ ਵਧੀਆ ਘਰ ਦਾ ਪੁਰਸਕਾਰ ਮਿਲਿਆ। ਇਸ ਤੋਂ ਬਾਅਦ ਪ੍ਰਬੰਧਕੀ ਸਟਾਫ ਵੱਲੋਂ ਸਕੂਲ ਪ੍ਰਤੀ ਉਨ੍ਹਾਂ ਦੇ ਸਮਰਪਣ ਲਈ ਪ੍ਰਸ਼ੰਸਾ ਪੱਤਰ ਪ੍ਰਾਪਤ ਕੀਤਾ ਗਿਆ। ਇਨ੍ਹਾਂ ਸਾਰਿਆਂ ਨੂੰ ਸਕੂਲ ਦੇ ਮੁੱਖ ਅਧਿਆਪਕ ਤੇ ਮੁੱਖ ਮਹਿਮਾਨਾਂ ਵੱਲੋਂ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਭੰਗੜਾ ਪੇਸ਼ ਕੀਤਾ ਗਿਆ। ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਵਿੰਮੀ ਠਾਕੁਰ ਵੱਲੋਂ ਸਕੂਲ ਦੇ ਕਪਤਾਨ ਗੁਰਪ੍ਰੀਤ ਵੱਲੋਂ ਝੰਡਾ ਲਹਿਰਾਇਆ ਗਿਆ। ਅੰਤ ਵਿੱਚ ਰਾਸ਼ਟਰੀ ਗੀਤ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ ਗਈ।

ਕਾਤਰਾਂ

ਕੰਨਿਆ ਸਕੂਲ 'ਚ ਮੈਗਾ ਪੀ ਟੀ ਐੱਮ ਕਰਵਾਈ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸੈਂਕੀ ਸ਼ਰਮਾ)- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਸਕੂਲ ਇੰਚਾਰਜ ਸ੍ਰੀਮਤੀ ਹਰਦੀਪ ਕੌਰ ਦੀ ਰਹਿਨੁਮਾਈ ਹੇਠ ਮੈਗਾ ਪੀ ਟੀ ਐੱਮ ਕਰਵਾਈ ਗਈ, ਜਿਸ ਵਿੱਚ ਬੱਚਿਆਂ ਦੇ ਮਾਤਾ-ਪਿਤਾ ਨੇ ਉਤਸ਼ਾਹ ਨਾਲ ਹਿੱਸਾ ਲਿਆ। ਆਉਣ ਵਾਲੇ ਪਤਵੰਤੇ ਸੱਜਣਾਂ ਲਈ ਚਾਹ-ਪਾਣੀ ਦਾ ਪ੍ਰਬੰਧ ਕੀਤਾ ਗਿਆ। ਸਮੂਹ ਸਟਾਫ ਵੱਲੋਂ ਜਮਾਤ ਇੰਚਾਰਜਾਂ ਵੱਲੋਂ ਆਪਣੀਆਂ ਆਪਣੀਆਂ ਜਮਾਤਾਂ ਦੀ ਪੂਰੀ ਸਜਾਵਟ ਕੀਤੀ ਗਈ। ਸਕੂਲ ਵਿੱਚ ਕਿਤਾਬਾਂ ਦੀ ਸਟਾਲ ਵੀ ਲਗਾਈ ਗਈ। ਮਾਤਾ-ਪਿਤਾ ਨੂੰ ਬੱਚਿਆਂ ਦੇ ਨੰਬਰ ਦਿਖਾ ਕੇ ਉਨ੍ਹਾਂ ਨੂੰ ਅੱਗੇ ਹੋਰ ਮਿਹਨਤ ਕਰਕੇ ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

ਹੈਰੋਇਨ ਸਮੇਤ ਗ੍ਰਿਫਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ) : ਸੀਆਈਏ ਸਟਾਫ ਫਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ 101 ਗ੍ਰਾਮ ਹੈਰੋਇਨ ਸਮੇਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਥਾਣਾ ਕੁੱਲਗੜ੍ਹੀ ਵਿਖੇ ਮਾਮਲਾ ਦਰਜ ਕੀਤਾ ਹੈ। ਥਾਣਾ ਕੁੱਲਗੜ੍ਹੀ ਦੇ ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਦੇ ਸਬੰਧ ਵਿਚ ਸਾਂਦੇ ਹਾਸ਼ਮ ਪਾਸ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਸੁਰਿੰਦਰ ਸਿੰਘ ਪੁੱਤਰ ਸ਼ਮਸ਼ੇਰ ਸਿੰਘ ਵਾਸੀ ਪਿੰਡ ਅਲਗੋ ਕਲਾਂ ਥਾਣਾ ਵਲਟੋਹਾ, ਜ਼ਿਲ੍ਹਾ ਤਰਨ ਤਾਰਨ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ, ਜੋ ਅੱਜ ਵੀ ਆਪਣੀ ਸਕਾਰਪਿਓ ਗੱਡੀ ਨੰਬਰ ਪੀਬੀ 2 ਸੀਐੱਨ 0083 'ਤੇ ਹੈਰੋਇਨ ਵੇਚਣ ਲਈ ਜ਼ੀਰਾ ਵੱਲੋਂ ਫਿਰੋਜ਼ਪੁਰ ਆ ਰਿਹਾ ਹੈ। ਉਪਰੰਤ ਪੁਲਸ ਪਾਰਟੀ ਵੱਲੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਉਕਤ ਗੱਡੀ ਸਮੇਤ ਕਾਬੂ ਕੀਤਾ ਗਿਆ ਤੇ ਤਲਾਸ਼ੀ ਦੌਰਾਨ 101 ਗ੍ਰਾਮ ਹੈਰੋਇਨ ਬਰਾਮਦ ਹੋਈ।

ਗੋਦ ਭਰਾਈ ਦਿਵਸ ਮਨਾਇਆ

ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ/ਪੂਜਾ)- ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਪਿੰਡ ਚੱਕ ਕਾਲਾ ਸਿੰਘ ਵਾਲਾ ਦੇ ਆਂਗਣਵਾੜੀ ਸੈਂਟਰ ਵਿੱਚ ਗੋਦ ਭਰਾਈ ਦਿਵਸ ਮਨਾਇਆ ਗਿਆ, ਜਿਸ ਦੌਰਾਨ ਗਰਭਵਤੀ ਔਰਤਾਂ ਦੀ ਗੋਦ ਭਰਾਈ ਕਰਕੇ ਉਨ੍ਹਾਂ ਨੂੰ ਫਲ ਤੇ ਹੋਰ ਸਾਮਾਨ ਦਿੱਤਾ ਗਿਆ। ਇਸ ਮੌਕੇ ਸੈਂਟਰ ਦੀ ਇੰਚਾਰਜ ਹਰਗੋਬਿੰਦ ਕੌਰ ਨੇ ਆਈਆਂ ਔਰਤਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਤੇ ਚੰਗਾ ਖਾਣ-ਪੀਣ ਲਈ ਕਿਹਾ। ਇਸ ਮੌਕੇ ਆਂਗਣਵਾੜੀ ਵਰਕਰ ਸਰਬਜ

18-DEC-PAGE-6-Advt-2023-G.qxd 12/17/2023 10:24 PM Page 1

'ਪੰਜਾਬੀ ਅਦਾਕਾਰ ਨੂੰ ਆਪਣੇ ਸਮਾਜਿਕ ਵਰਤਾਰਿਆਂ ਦੀ ਸਮਝ ਬਣਾਉਣ ਲਈ ਖੋਜ ਨਾਲ ਜੁੜਨਾ ਜ਼ਰੂਰੀ'

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਮਹੀਨਾਵਾਰ ਪ੍ਰੋਗਰਾਮ ਬਿਬੇਕ ਗੋਸਟਿ ਦੇ 27ਵੇਂ ਭਾਗ ਵਿੱਚ ਸਿਨੇਮਾ ਨਾਲ ਜੁੜੇ ਅਦਾਕਾਰ ਕੰਵਲਪ੍ਰੀਤ ਸਿੰਘ ਨੇ ਮਸ਼ਹੂਰ ਰੂਸੀ ਸਿਨੇਮਾ ਲੇਖਕ ਅਤੇ ਨਿਰਦੇਸ਼ਕ ਕੋਂਸਟੈਂਨੀਨ ਸਟੈਨੀਸਲਾਵਸਕੀ ਦੀ ਰਚਨਾ 'ਐਨ ਐਕਟਰ ਪਰਿਪੇਅਰਜ਼' 'ਤੇ ਆਪਣਾ ਖੋਜ-ਪਰਚਾ ਪੇਸ਼ ਕੀਤਾ, ਜਿਸ ਦਾ ਆਯੋਜਨ ਸੰਸਥਾ ਨਾਦ ਪ੍ਰਗਾਸੁ ਸ੍ਰੀ ਅੰਮ੍ਰਿਤਸਰ ਦੇ ਮੁੱਖ ਦਫ਼ਤਰ ਵਿਖੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਪੁਸਤਕ ਸਿਨੇਮਾ ਅਧਿਐਨ ਅਤੇ ਕਲਾਕਾਰੀ ਸਿੱਖਣ ਲਈ ਪ੍ਰਮੁੱਖ ਸ੍ਰੋਤ ਵਿੱਚੋਂ ਇੱਕ ਹੈ, ਜਿਸ ਨੂੰ ਵਿਸ਼ਵ-ਵਿਆਪੀ ਪੱਧਰ 'ਤੇ ਪਾਠ ਅਧਿਐਨ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਇਸ ਰੂਸੀ ਲੇਖਕ ਤੋਂ ਪਹਿਲਾਂ ਅਦਾਕਾਰੀ ਨੂੰ ਸਿਰਫ਼ ਮਕੈਨੀਕਲ ਅਰਥਾਂ ਵਿੱਚ ਪੇਸ਼ ਕੀਤਾ ਜਾਂਦਾ ਸੀ, ਇਸ ਕਰਕੇ ਅਦਾਕਾਰ ਸਿਰਜਕ ਦੀ ਥਾਂ ਇੱਕ ਮਜ਼ਦੂਰ ਵਜੋਂ ਆਪਣੇ ਸਵੈ ਦੀ ਘਾੜਤ ਕਰਦਾ ਨਜ਼ਰੀਂ ਆਉਂਦਾ ਸੀ। ਕੰਵਲਪ੍ਰੀਤ ਅਨੁਸਾਰ ਭਾਰਤੀ ਅਤੇ ਵਿਸ਼ੇਸ਼ ਕਰ ਪੰਜਾਬੀ ਸਿਨੇਮਾ ਨੂੰ ਅਦਾਕਾਰ ਲਈ ਅਜਿਹਾ ਵਿੱਦਿਅਕ ਪ੍ਰਬੰਧ ਸਥਾਪਿਤ ਕਰਨ ਦੀ ਲੋੜ ਹੈ ਜੋ ਉਸ ਦੀ ਹੋਂਦ ਨੂੰ ਵਿਆਪਕ ਕਰਦੇ ਹੋਏ ਉਸ ਨੂੰ ਅੰਤਰ-ਅਨੁਸ਼ਾਸਨੀ ਖੋਜਾਰਥੀ ਵਜੋਂ ਉਭਾਰਨ, ਨਾ ਕਿ ਇੱਕ ਮੰਡੀ ਦੀ ਜਿਣਸ ਵਜੋਂ ਜੋ ਆਪਣੀ ਸਿਰਜਣਾ ਲਈ ਸੁਤੰਤਰ ਹੀ ਨਹੀਂ ਹੈ।

ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਹਰ ਸੱਭਿਆਚਾਰ ਕੋਲ ਇੱਕ ਵਿਸ਼ੇਸ਼ ਤਰ੍ਹਾਂ ਦਾ ਅਧਿਆਤਮਿਕ ਜਾਂ ਤੱਤ-ਮੀਮਾਂਸਕੀ ਆਧਾਰ ਹੋਣਾ ਚਾਹੀਦਾ ਹੈ ਜੋ ਅਦਾਕਾਰ ਨੂੰ ਸਮਾਜ ਅਤੇ ਇਸ ਤੋਂ ਪਾਰ ਵਾਪਰ ਰਹੇ ਨੈਤਿਕ-ਅਨੈਤਿਕ ਗੂੜ੍ਹ ਰਹੱਸਾਂ ਅਤੇ ਚੁੱਪ ਵਰਤਾਰਿਆਂ ਨੂੰ ਸਮਝਣ ਲਈ ਸਹਾਇਕ ਹੁੰਦਾ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਹੀਰਾ ਸਿੰਘ ਨੇ ਕੰਵਲਪ੍ਰੀਤ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬੀ ਸਿਨੇਮਾ ਦੀ ਅਜੋਕੀ ਸਥਿਤੀ ਦੇ ਕਾਰਨ ਨੂੰ ਮੰਡੀਕਰਨ ਤੋਂ ਇਲਾਵਾ ਹੋਰ ਪ੍ਰਵਚਨਾਂ ਰਾਹੀਂ ਵੀ ਦੇਖਿਆ ਜਾਣਾ ਚਾਹੀਦਾ ਹੈ, ਉਨ੍ਹਾਂ ਕਿਹਾ ਕਿ ਕਲਾ ਨੂੰ ਸਮਰਪਿਤ ਵਿਅਕਤੀ ਦਾ ਖੋਜ ਨਾਲ ਜੁੜਨਾ ਵੀ ਜ਼ਰੂਰਤ ਬਣ ਗਿਆ ਹੈ। ਅੱਜ ਦੇ ਇਸ ਪ੍ਰੋਗਰਾਮ ਵਿੱਚ ਦਿੱਲੀ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਖੋਜਾਰਥੀ ਇਮਰਤਪਾਲ ਸਿੰਘ, ਹਰਕਮਲਪ੍ਰੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ ਤੋਂ ਕਵਲਪ੍ਰੀਤ ਸਿੰਘ, ਗੁਰਦਿਆਲ ਸਿੰਘ, ਕੁਲਵਿੰਦਰ ਸਿੰਘ, ਜਾਮੀਆ ਮਿਲੀਆ ਇਸਲਾਮੀਆ ਤੋਂ ਖੋਜਾਰਥੀ ਜਸਵਿੰਦਰ ਸਿੰਘ, ਗੁਰਚੇਤਨ ਸਿੰਘ, ਦਿਲਪ੍ਰੀਤ ਸਿੰਘ, ਕਰਨ, ਦੀਕਿਸ਼ਾ, ਆਕਾਸ਼ਦੀਪ ਸਿੰਘ ਅਤੇ ਰਾਜਵੀਰ ਕੌਰ ਹਾਜ਼ਰ ਸਨ। ਮੰਚ ਦਾ ਸੰਚਾਲਨ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ, ਨਵੀਂ ਦਿੱਲੀ ਤੋਂ ਲਖਵੀਰ ਸਿੰਘ ਨੇ ਕੀਤਾ।

ਖਾਲਸਾ ਕਾਲਜ ਫਾਰ ਵੂਮੈਨ ਦੀਆਂ ਵਿਦਿਆਰਥਣਾਂ ਦੀਆਂ ਫਲਾਵਰ, ਪਲਾਂਟਸ ਤੇ ਰੰਗੋਲੀ ਮੁਕਾਬਲੇ 'ਚ ਸ਼ਾਨਦਾਰ ਜਿੱਤ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਖ਼ਾਲਸਾ ਕਾਲਜ ਫ਼ਾਰ ਵੂਮੈਨ ਦੀਆਂ ਵਿਦਿਆਰਥਣਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਕਰਵਾਏ ਗਏ 'ਭਾਈ ਵੀਰ ਸਿੰਘ ਫਲਾਵਰ, ਪਲਾਂਟਸ ਅਤੇ ਰੰਗੋਲੀ' ਸ਼ੋਅ ਮੁਕਾਬਲੇ 'ਚ ਵੱਖ-ਵੱਖ ਸ਼੍ਰੇਣੀਆਂ 'ਚ ਭਾਗ ਲੈਂਦੇ ਹੋਏ ਸ਼ਾਨਦਾਰ ਜਿੱਤ ਦਰਜ ਕਰਵਾ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਸੁਰਿੰਦਰ ਕੌਰ ਨੇ ਵਿਦਿਆਰਥਣਾਂ ਦੀ ਉਕਤ ਕਾਰਗੁਜ਼ਾਰੀ 'ਤੇ ਵਧਾਈ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਸ਼੍ਰੇਣੀ-ਏ ਫੁੱਲਾਂ ਦੀ ਕਿਸਮ, ਸ਼੍ਰੇਣੀ-ਬੀ ਪੱਤੇਦਾਰ ਪੌਦੇ, ਸ਼੍ਰੇਣੀ-ਸੀ ਕੈਕਟੀ ਅਤੇ ਸੁਕੂਲੈਂਟ ਪੌਦੇ ਅਤੇ ਸ਼੍ਰੇਣੀ-ਡੀ ਬੋਨਸਾਈ 'ਚ ਉਕਤ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਨੇ ਉਕਤ ਮਹੱਤਵਪੂਰਨ ਪ੍ਰਾਪਤੀ ਲਈ ਸਟਾਫ਼ ਅਤੇ ਵਿਦਿਆਰਥਣਾਂ ਦੁਆਰਾ ਵਿਖਾਏ ਜਾਂਦੇ ਉਤਸ਼ਾਹ ਦਾ ਜ਼ਿਕਰ ਕੀਤਾ।

ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਸਾਫ਼ ਤੇ ਸ਼ੁੱਧ ਵਾਤਾਵਰਣ ਸਬੰਧੀ ਜਾਗਰੂਕ ਕਰਨ ਅਤੇ ਕੁਦਰਤ ਪ੍ਰਤੀ ਪਿਆਰ ਨੂੰ ਵਧਾਉਣ ਲਈ ਕਾਲਜ ਵੱਲੋਂ ਨਿਰੰਤਰ ਯਤਨ ਕਰਦਿਆਂ ਵੱਧ ਤੋਂ ਵੱਧ ਪੌਦੇ ਲਗਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਨੇ ਸਫਲਤਾ ਦਾ ਜਸ਼ਨ ਮਨਾਉਂਦੇ ਹੋਏ 'ਉੱਜਵਲ ਭਵਿੱਖ ਲਈ ਹਰੇ-ਭਰੇ ਵਾਤਾਵਰਣ ਦੀ ਲੜੀ ਨੂੰ ਜਾਰੀ ਰੱਖਣ' ਦੀ ਵਚਨਬੱਧਤਾ ਨੂੰ ਵੀ ਦੁਹਰਾਇਆ।

'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਮਨਾਇਆ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ "ਹਿੰਦ ਦੀ ਚਾਦਰ" ਨੌਵੇਂ ਪਾਤਸ਼ਾਹ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਪੁਰਬ ਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ ਕਰਵਾਏ ਪ੍ਰੋਗਰਾਮ ਦੌਰਾਨ ਸੱਤਵੀਂ ਜਮਾਤ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਆਪਣੇ ਭਾਸ਼ਣ ਰਾਹੀਂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਅਤੇ ਸ਼ਹੀਦੀ ਸਾਕੇ ਬਾਰੇ ਚਾਨਣਾ ਪਾਇਆ। ਛੇਵੀਂ ਜਮਾਤ ਦੀ ਵਿਦਿਆਰਥਣ ਪ੍ਰਭਸਿਮਰਨ ਕੌਰ ਨੇ ਕਵਿਤਾ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹੀਦੀ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ। ਸੱਤਵੀਂ ਜਮਾਤ ਦੀ ਵਿਦਿਆਰਥਣ ਅਵਨੀਤ ਕੌਰ ਨੇ ਆਪਣੀ ਕਵਿਤਾ ਰਾਹੀਂ ਗੁਰੂ ਜੀ ਨੂੰ ਸ਼ਰਧਾਂਜਲੀ ਸਮਰਪਿਤ ਕੀਤੀ। ਸੱਤਵੀਂ ਜਮਾਤ ਦੇ ਵਿਦਿਆਰਥੀ ਸਾਹਿਲਪ੍ਰੀਤ ਸਿੰਘ ਨੇ ਧਾਰਮਿਕ ਗੀਤ ਪੇਸ਼ ਕਰਦੇ ਹੋਏ ਸ਼੍ਰੀ ਗੁਰੂ ਤੇਗ ਬਹਾਦਰ ਜੀ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ ਜੀ ਦੇ ਧਰਮ ਤੋਂ ਕੁਰਬਾਨ ਹੋਣ ਦੇ ਜਜ਼ਬੇ ਨੂੰ ਬਾਖੂਬੀ ਪੇਸ਼ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸਬੰਧਿਤ ਪ੍ਰਸ਼ਨ ਪੁੱਛੇ ਗਏ। ਇਹਨਾਂ ਦੇ ਜਵਾਬ ਛੋਟੇ-ਛੋਟੇ ਵਿਦਿਆਰਥੀਆਂ ਦੁਆਰਾ ਬਹੁਤ ਹੀ ਉਤਸੁਕਤਾ ਨਾਲ ਦਿੱਤੇ ਗਏ। ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਉੱਚੇ ਅਤੇ ਸੁੱਚੇ ਜੀਵਨ ਬਾਰੇ ਅਤੇ ਉਹਨਾਂ ਦੀ ਕੁਰਬਾਨੀ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਗੁਰੂ ਜੀ ਦੀ ਸ਼ਹੀਦੀ ਨੂੰ ਪ੍ਰਣਾਮ ਕਰਦੇ ਹੋਏ ਦੱਸਿਆ ਕਿ ਗੁਰੂ ਜੀ ਨੇ 17 ਦਸੰਬਰ 1675 ਈਸਵੀ ਨੂੰ ਚਾਂਦਨੀ ਚੌਕ ਦਿੱਲੀ ਵਿਖੇ ਹਿੰਦੂ ਧਰਮ ਦੀ ਰੱਖਿਆ ਲਈ ਖੁਦ ਦੀ ਕੁਰਬਾਨੀ ਦਿੱਤੀ। ਇਸ ਮੌਕੇ ਸਮੂਹ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

ਐੱਮ ਐੱਸ ਐੱਮ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ

ਚੋਹਲਾ ਸਾਹਿਬ (ਰਮਨ ਚੱਢਾ)-ਸਾਲਾਨਾ ਇਨਾਮ ਵੰਡ ਸਮਾਰੋਹ ਸਕੂਲ ਦੇ ਸਭ ਤੋਂ ਮਹੱਤਵਪੂਰਨ ਸਮਾਗਮਾਂ ਵਿੱਚੋਂ ਇੱਕ ਹੈ। ਸਕੂਲ ਦੇ ਇਤਿਹਾਸ ਵਿੱਚ ਇਹ ਇੱਕ ਯਾਦਗਾਰੀ ਘਟਨਾ ਹੈ। ਐੱਮ ਐੱਸ ਐੱਮ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਧੁੰਨ ਚੋਹਲਾ ਸਾਹਿਬ ਨੇ ਸਾਲਾਨਾ ਇਨਾਮ ਵੰਡ ਸਮਾਰੋਹ ਬੜੇ ਉਤਸ਼ਾਹ ਅਤੇ ਰਚਨਾਤਮਕਤਾ ਨਾਲ ਮਨਾਇਆ। ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਭਰਪੂਰ ਤਿਆਰੀ ਕੀਤੀ ਗਈ। ਸਮਾਗਮ ਵਿੱਚ ਵੱਖ-ਵੱਖ ਖੇਤਰਾਂ ਜਿਵੇਂ ਖੇਡਾਂ, ਸਿੱਖਿਆ, ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸਫ਼ਲਤਾ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਇਲਾਕੇ ਦੀਆਂ ਸਾਰੀਆਂ ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਹਾਜ਼ਰੀ ਨਾਲ ਸਮਾਗਮ ਨੂੰ ਸ਼ਿੰਗਾਰਿਆ। ਇਸ ਮੌਕੇ ਦਿਲਬਾਗ ਸਿੰਘ ਚੇਅਰਮੈਨ ਰੱਤਾਗੁੜਾ ਪੀ। ਏ ਟੂ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਐਡਵੋਕੇਟ ਕੋਮਲਪ੍ਰੀਤ ਸਿੰਘ ਸੋਹਲ ਤਰਨਤਾਰਨ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਸਮਾਗਮ ਦੀ ਸ਼ੋਭਾ ਵਧਾਈ। ਵਿਦਿਆਰਥੀਆਂ ਲਈ ਇਹ ਬਹੁਤ ਹੀ ਮਾਣ ਵਾਲੀ ਗੱਲ ਸੀ।

ਸਾਲਾਨਾ ਇਨਾਮ ਵੰਡ ਸਮਾਗਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਅਤੇ ਚੋਹਲਾ ਸਾਹਿਬ ਇਲਾਕੇ ਦੇ ਹੋਰ ਪਤਵੰਤਿਆਂ ਨੇ ਆਪਣੀ ਹਾਜ਼ਰੀ ਲਗਵਾਈ। ਪਤਵੰਤਿਆਂ ਵਿੱਚ ਗੁਰਭੇਜ ਸਿੰਘ ਬਾਜਵਾ, ਸੁਬੇਗ ਸਿੰਘ ਗੋਲਾੜ, ਅਜੀਤ ਸਿੰਘ ਪ੍ਰਧਾਨ, ਕਸ਼ਮੀਰ ਸਿੰਘ ਪ੍ਰਧਾਨ, ਲਾਲਜੀਤ ਸਿੰਘ ਗੋਲਾੜ, ਸੁਰਜੀਤ ਸਿੰਘ, ਬਲਜੀਤ ਸਿੰਘ ਪ੍ਰਧਾਨ, ਸਰਪੰਚ ਕਲੇਰ, ਸਰਪੰਚ ਸੁਖਜਿੰਦਰ ਸਿੰਘ ਪੱਖੋਪੁਰ ਅਤੇ ਸ਼ਿਵਦੇਵ ਸਿੰਘ ਰੰਧਾਵਾ ਨੇ ਸਾਲਾਨਾ ਸਨਮਾਨ ਚਿੰਨ੍ਹ ਦੀ ਵੰਡ ਦੇ ਮੌਕੇ ਹਾਜ਼ਰੀ ਭਰੀ। ਸਕੂਲ ਦੇ ਚੇਅਰਮੈਨ ਡਾ: ਉਪਕਾਰ ਸਿੰਘ ਸੰਧੂ, ਪ੍ਰਿੰਸੀਪਲ ਰਾਕੇਸ਼ ਕੁਮਾਰ, ਵਾਈਸ ਪ੍ਰਿੰਸੀਪਲ ਕੁਲਬੀਰ ਕੌਰ ਅਤੇ ਅਧਿਆਪਕਾਂ ਨੇ ਸਕੂਲ ਦੇ ਖ਼ੁਸ਼ਹਾਲ ਮਾਹੌਲ ਵਿਚ ਮਾਪਿਆਂ ਅਤੇ ਪਤਵੰਤਿਆਂ ਦਾ ਸਵਾਗਤ ਕੀਤਾ। ਇਸ ਵਿਸ਼ੇਸ਼ ਮੌਕੇ ਵਿਦਿਆਰਥੀਆਂ ਨੇ ਸ਼ਾਨਦਾਰ ਡਾਂਸ ਪੇਸ਼ ਕਰਕੇ ਸਾਰੇ ਦਰਸ਼ਕਾਂ ਦਾ ਮਨ ਮੋਹ ਲਿਆ। ਕਿੰਡਰਗਾਰਟਨ ਦੇ ਵਿਦਿਆਰਥੀਆਂ ਦੇ ਡਾਂਸ ਨੇ ਨਵੇਂ ਮੀਲ ਪੱਥਰ ਤੈਅ ਕੀਤੇ। ਲੜਕਿਆਂ ਦਾ ਭੰਗੜਾ, ਲੜਕੀਆਂ ਦਾ ਗਿੱਧਾ ਅਤੇ ਹੋਰ ਬਹੁਤ ਸਾਰੀਆਂ ਵਿਦਿਆਰਥਣਾਂ ਦੀਆਂ ਪੇਸ਼ਕਾਰੀਆਂ ਨੇ ਪਤਵੰਤਿਆਂ ਦਾ ਵਿਸ਼ੇਸ਼ ਧਿਆਨ ਖਿੱਚਿਆ। ਸਕੂਲ ਦੇ ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਆਪਣੇ ਪ੍ਰੇਰਨਾਦਾਇਕ ਭਾਸ਼ਣ ਨਾਲ ਮਾਪਿਆਂ, ਵਿਦਿਆਰਥੀਆਂ ਅਤੇ ਪਤਵੰਤਿਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਦੱਸਿਆ ਕਿ ਨੈਸ਼ਨਲ ਸੈਂਟਰ ਫਾਰ ਐਜੂਕੇਸ਼ਨ ਸਟੈਟਿਸਟਿਕਸ ਦੀ ਖੋਜ ਅਨੁਸਾਰ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦੀ ਰੁਝੇਵਿਆਂ ਦੀ ਭਾਵਨਾ ਵਧਦੀ ਹੈ ਜਾਂ ਉਨ੍ਹਾਂ ਦੇ ਸਕੂਲ ਨਾਲ ਲਗਾਵ ਅਤੇ ਅਕਾਦਮਿਕ ਵਿੱਚ ਉਨ੍ਹਾਂ ਦੀ ਹਾਜ਼ਰੀ ਅਤੇ ਪ੍ਰਦਰਸ਼ਨ ਨੂੰ ਬਿਹਤਰ ਬਣਾਉਂਦਾ ਹੈ। ਵਾਧੂ ਪਾਠਕ੍ਰਮ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣਾ ਵਿਦਿਆਰਥੀਆਂ ਨੂੰ ਪ੍ਰੇਰਿਤ ਕਰ ਸਕਦਾ ਹੈ ਅਤੇ ਉਨ੍ਹਾਂ ਨੂੰ ਆਪਣੀ ਸਮਰੱਥਾ ਦੀ ਪੜਚੋਲ ਕਰਨ ਲਈ ਉਤਸ਼ਾਹਿਤ ਕਰ ਸਕਦਾ ਹੈ। ਸੱਭਿਆਚਾਰਕ ਗਤੀਵਿਧੀਆਂ ਗੈਰ-ਅਕਾਦਮਿਕ ਗਤੀਵਿਧੀਆਂ ਹਨ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਦੀ ਪੜਚੋਲ ਕਰਨ ਅਤੇ ਸੁਹਜ, ਇਤਿਹਾਸਕ, ਬੌਧਿਕ ਅਤੇ ਸਮਾਜਿਕ ਤੌਰ ਤੇ ਵਿਕਾਸ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੀਆਂ ਹਨ।

ਪ੍ਰਿੰਸੀਪਲ ਰਾਕੇਸ਼ ਕੁਮਾਰ ਨੇ ਐੱਮ. ਐੱਸ. ਐੱਮ. ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਚੇਅਰਮੈਨ ਡਾ: ਉਪਕਾਰ ਸਿੰਘ ਸੰਧੂ ਵੱਲੋਂ ਚੋਹਲਾ ਸਾਹਿਬ ਦੇ ਸਮਾਜ ਅਤੇ ਪੇਂਡੂ ਖੇਤਰ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਨੇ ਮਾਪਿਆਂ ਅਤੇ ਵਿਦਿਆਰਥੀਆਂ ਦੇ ਨੈਤਿਕਤਾ ਨੂੰ ਉਤਸ਼ਾਹਤ ਕਰਨ ਲਈ ਵਿਸ਼ਵ ਦੀਆਂ ਨਾਮਵਰ ਸ਼ਖਸੀਅਤਾਂ ਦੀਆਂ ਉਦਾਹਰਣਾਂ ਦਿੱਤੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਮਿਆਰੀ ਸਿੱਖਿਆ ਸਮੇਂ ਦੀ ਲੋੜ ਹੈ ਅਤੇ ਮਾਪੇ ਹਮੇਸ਼ਾ ਆਪਣੇ ਬੱਚਿਆਂ ਨੂੰ ਪੜ੍ਹਾਈ ਵਿੱਚ ਵਧੀਆ ਪ੍ਰਦਰਸ਼ਨ ਕਰਨ ਅਤੇ ਚੰਗੇ ਕੰਮਾਂ ਰਾਹੀਂ ਮਾਣ-ਸਨਮਾਨ ਹਾਸਲ ਕਰਨ ਲਈ ਪ੍ਰੇਰਿਤ ਕਰਦੇ ਹਨ। ਸਮੁੱਚੇ ਤੌਰ ਤੇ ਸਮਾਗਮ ਨੇ ਬਹੁਤ ਸਾਰੇ ਲੋਕਾਂ ਦੇ ਦਿਲ ਚੁਰਾ ਲਏ। ਇਹ ਵੱਡੀ ਸਫਲਤਾ ਸੀ। ਇਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ ਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪੀ ਏ ਚੇਅਰਮੈਨ ਦਿਲਬਾਗ ਸਿੰਘ, ਐਡਵੋਕੇਟ ਗੁਰਮਿੰਦਰ ਸਿੰਘ, ਨਵਦੀਪ ਸਿੰਘ ਪੰਨੂ, ਬਲਾਕ ਪ੍ਰਧਾਨ ਨਿੰਦਰ ਸਿੰਘ ਠੱਠਾ, ਪ੍ਰਦੀਪ ਕੁਮਾਰ ਢਿਲੋਂ ਖਾਦ ਸਟੋਰ ਵਾਲੇ, ਸੁਖਜਿੰਦਰ ਸਿੰਘ ਰੱਤਾ ਗੁੱਦਾ, ਆਪ ਆਗੂ ਜਸਬੀਰ ਸਿੰਘ, ਗਗਨਦੀਪ ਸਿੰਘ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਲੰਗਰ ਲਗਾਇਆ

ਅਜਨਾਲਾ ਸੁਖਤਿੰਦਰ ਸਿੰਘ ਰਾਜੂ)-ਸਥਾਨਕ ਸਹਿਰ ਦੇ ਮੁੱਖ ਬੱਸ ਸਟੈਂਡ ਦੇ ਸਾਹਮਣੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਲੰਗਰ ਲਗਾਇਆ ਗਿਆ ਜਿਸ ਵਿੱਚ ਦਿਹਾੜੇ ਨੂੰ ਸਮਰਪਿਤ ਸੰਖੇਪ ਸ਼ਰਧਾਮਈ ਧਾਰਮਿਕ ਤੇ ਸਰਬੱਤ ਦੇ ਭਲੇ ਲਈ ਅਰਦਾਸ ਸਮਾਗਮ ਉਪਰੰਤ ਲੰਗਰ ਲਗਾਇਆ ਗਿਆ। ਸਾਧ ਸੰਗਤ ਦੇ ਸਹਿਯੋਗ ਨਾਲ ਲਗਾਏ ਗਏ ਲੰਗਰ ਦੀ ਸੇਵਾ ਨਿਭਾਉਣ 'ਚ ਬਾਜ਼ਾਰ ਵਾਲੇ ਅਤੇ ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕਾਂ ਨੇ ਇਸ ਵਿੱਚ ਮੁੱਖ ਭੂਮਿਕਾ ਨਿਭਾਈ ਜਿਸ ਵਿੱਚ ਸਤਿੰਦਰ ਪਾਲ ਸਿੰਘ ਯੂਕੇ, ਬਲਵਿੰ

18-DEC-PAGE-7.qxd 12/17/2023 10:16 PM Page 1

ਸਮਾਜ ਦੀ ਬਿਹਤਰੀ ਲਈ ਸਿੱਖਿਅਤ ਹੋਣਾ ਬਹੁਤ ਜ਼ਰੂਰੀ : ਸੰਧਵਾਂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)-ਗਰੈਂਡ ਕਲਚਰ ਫੈਸਟੀਵਲ ਸਮਾਗਮ ਸੰਤ ਬਾਬਾ ਗੁਰਮੁੱਖ ਸਿੰਘ ਪਬਲਿਕ ਸਕੂਲ ਸ੍ਰੀ ਮੁਕਤਸਰ ਸਾਹਿਬ ਵਿਖੇ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਕੀਤੀ।

ਇਸ ਮੌਕੇ ਸਕੂਲੀ ਬੱਚਿਆਂ ਨੂੰ ਸੰਬੋਧਨ ਕਰਦਿਆਂ ਸ੍ਰ. ਸੰਧਵਾਂ ਨੇ ਕਿਹਾ ਕਿ ਸਮਾਜ ਦੀ ਬਿਹਤਰੀ ਤੇ ਤਰੱਕੀ ਲਈ ਵਿੱਦਿਆ ਪ੍ਰਾਪਤ ਕਰਨਾ ਬਹੁਤ ਜ਼ਰੂਰੀ ਹੈ। ਵਿੱਦਿਆ ਪ੍ਰਾਪਤ ਕਰਕੇ ਡਾਕਟਰ, ਵਕੀਲ, ਇੰਜੀਨੀਅਰ ਤੇ ਬੁੱਧੀਜੀਵੀ ਬਣਿਆ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਹਰ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ, ਪਰ ਆਪਣੀ ਮਾਤ ਭਾਸ਼ਾ ਨੂੰ ਕਦੇ ਵੀ ਨਹੀਂ ਭੁੱਲਣਾ ਚਾਹੀਦਾ। ਉਨ੍ਹਾਂ ਮਾਪਿਆਂ ਨੂੰ ਸਲਾਹ ਦਿੱਤੀ ਕਿ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਆਪਣੇ ਬੱਚਿਆਂ ਨੂੰ ਬਚਾਅ ਕੇ ਰੱਖਣ ਤਾਂ ਜੋ ਉਨ੍ਹਾਂ ਦੀ ਸਿਹਤ 'ਤੇ ਮਾੜਾ ਅਸਰ ਨਾ ਪਵੇ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਗਿੱਧਾ, ਭੰਗੜਾ, ਗੱਤਕਾ, ਨਾਟਕ ਦੀ ਸ਼ਾਨਦਾਰੀ ਪੇਸ਼ਕਾਰੀ ਤੋਂ ਖੁਸ਼ ਹੋ ਕੇ ਸ੍ਰ. ਸੰਧਵਾਂ ਨੇ ਸਕੂਲ ਨੂੰ ਆਪਣੇ ਅਖਤਿਆਰੀ ਫੰਡ ਵਿੱਚੋਂ ਦੋ ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਕੰਵਰਜੀਤ ਸਿੰਘ ਐੱਸ ਡੀ ਐੱਮ, ਸੁਰਜੀਤ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਸਕੂਲ ਦੇ ਚੇਅਰਮੈਨ ਜਸਵਿੰਦਰ ਸਿੰਘ, ਐੱਮ ਡੀ ਸੁਖਰਾਜ ਕੌਰ, ਸੁਖਜਿੰਦਰ ਸਿੰਘ ਬੱਬਲੂ ਬਰਾੜ ਤੋਂ ਇਲਾਵਾ ਪਤਵੰਤੇ ਵਿਅਕਤੀ, ਸਕੂਲੀ ਬੱਚੇ ਤੇ ਮਾਤਾ-ਪਿਤਾ ਮੌਜੂਦ ਸਨ।

ਜੀਜ਼ਸ ਐਂਡ ਮੈਰੀ ਕਾਨਵੈਂਟ ਸਕੂਲ ਵਿਖੇ ਸਾਲਾਨਾ ਸਮਾਗਮ ਧੂਮਧਾਮ ਨਾਲ ਮਨਾਇਆ

ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)-ਸਾਦਿਕ ਰੋਡ 'ਤੇ ਸਥਿਤ ਜੀਜ਼ਸ ਐਂਡ ਮੈਰੀ ਕਾਨਵੈਂਟ ਸਕੂਲ ਗੁਰੂ ਹਰਸਹਾਏ ਦੇ ਆਂਗਣ ਵਿੱਚ ਸੈਸ਼ਨ 2023-24 ਲਈ ਸਾਲਾਨਾ ਸਮਾਗਮ 'ਮਹਿਫਿਲ-ਏ-ਹੁਨਰ' ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਸਾਲਾਨਾ ਸਮਾਗਮ ਵਿੱਚ ਜੇ. ਐੱਨ. ਐਜੂਕੇਸ਼ਨਲ ਸੁਸਾਇਟੀ ਦੇ ਚੇਅਰਮੈਨ ਜਨਕ ਰਾਜ ਮੁੰਜਾਲ, ਡਾਇਰੈਕਟਰ ਅਰਜੁਨ ਮੁੰਜਾਲ, ਐੱਮ. ਡੀ. ਏਕਤਾ ਮੁੰਜਾਲ, ਪ੍ਰਿੰਸੀਪਲ ਡਾ. ਦਵਿੰਦਰ ਗਿਰਧਰ, ਸਮੂਹ ਸਟਾਫ ਤੇ ਵਿਦਿਆਰਥੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਇਸ ਮੌਕੇ ਰਾਣਾ ਗੁਰਮੀਤ ਸਿੰਘ ਸੋਢੀ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਅਨੁਮੀਤ ਸਿੰਘ ਹੀਰਾ ਸੋਢੀ, ਬਾਬਾ ਹਰਮੇਸ਼ ਦਾਸ, ਅਸ਼ੋਕ ਬਹਿਲ, ਸੈਲੇਂਦਰ ਜੀ, ਪੰਕਜ ਵੋਹਰਾ, ਪ੍ਰਿੰਸੀਪਲ ਸ਼ਗੁਫ਼ਤਾ ਸ਼ਰਮਾ, ਪ੍ਰੋਫੈਸਰ ਪੂਜਾ ਗਿਰਧਰ, ਪ੍ਰਿੰਸੀਪਲ ਰਵਿੰਦਰ ਕੁਮਾਰ ਤੇ ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ, ਕਰਨ ਤ੍ਰਿਪਾਠੀ, ਗੁਰਵਿੰਦਰ ਸਿੰਘ ਖਹਿਰਾ, ਡਾ. ਸੰਜੀਵ ਦਹੂਜਾ, ਮੈਡਮ ਸੰਜੂ ਬੱਬਰ ਤੇ ਮਾਨਵ ਕਾਲੜਾ ਆਦਿ ਨੇ ਵੀ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਜਯੋਤੀ ਪ੍ਰਜਵਲਿਤ ਕਰਕੇ ਕੀਤੀ ਗਈ। ਉਪਰੰਤ ਸਕੂਲ ਮੈਨੇਜਮੈਂਟ ਕਮੇਟੀ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਸਵਾਗਤ ਤੇ ਉਨ੍ਹਾਂ ਦਾ ਧੰਨਵਾਦ ਕੀਤਾ। ਮਾਪਿਆਂ ਨੂੰ ਮੁੱਖ ਮਹਿਮਾਨ ਰਾਣਾ ਗੁਰਮੀਤ ਸਿੰਘ ਸੋਢੀ, ਅਨੁਮੀਤ ਸਿੰਘ ਹੀਰਾ ਸੋਢੀ ਤੇ ਬਾਬਾ ਹਰਮੇਸ਼ ਦਾਸ ਨੇ ਸੰਬੋਧਨ ਕੀਤਾ। ਇਸ ਦੌਰਾਨ ਵਿਦਿਆਰਥੀਆਂ ਨੇ ਬਹੁਤ ਹੀ ਪ੍ਰਤਿਭਾਸ਼ਾਲੀ ਢੰਗ ਨਾਲ ਸਟੇਜ 'ਤੇ ਮਨੋਰੰਜਕ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿੱਚ ਡਾਂਸ, ਭੰਗੜਾ, ਗੀਤ, ਝੂਮਰ ਆਦਿ ਸ਼ਾਮਲ ਸਨ। ਇਸ ਦੌਰਾਨ ਵਿਦਿਆਰਥੀਆਂ ਨੂੰ ਸੈਸ਼ਨ 2022-23 ਲਈ ਅਕਾਦਮਿਕ ਐਕਸੀਲੈਂਸ ਐਵਾਰਡ ਤੇ ਸਕਾਲਰਸ਼ਿਪ ਵੀ ਦਿੱਤੀ ਗਈ।

ਇਸ ਤੋਂ ਇਲਾਵਾ ਪ੍ਰੈੱਸ ਕਲੱਬ ਵੱਲੋਂ ਪਹੁੰਚੇ ਸਮੂਹ ਪੱਤਰਕਾਰਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਸਕੂਲ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ ਰਾਣਾ ਗੁਰਮੀਤ ਸਿੰਘ ਸੋਢੀ, ਹੀਰਾ ਸੋਢੀ, ਬਾਬਾ ਹਰਮੇਸ਼ ਦਾਸ, ਅਸ਼ੋਕ ਬਹਿਲ, ਸੈਲੇਂਦਰ, ਪੰਕਜ ਵੋਹਰਾ, ਪ੍ਰਿੰਸੀਪਲ ਸ਼ਗੁਫ਼ਤਾ ਸ਼ਰਮਾ, ਪ੍ਰੋਫੈਸਰ ਪੂਜਾ ਗਿਰਧਰ, ਪ੍ਰਿੰਸੀਪਲ ਰਵਿੰਦਰ ਕੁਮਾਰ ਤੇ ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ, ਕਰਨ ਤ੍ਰਿਪਾਠੀ, ਗੁਰਵਿੰਦਰ ਸਿੰਘ ਖਹਿਰਾ ਡਾ. ਸੰਜੀਵ ਦਹੂਜਾ, ਮੈਡਮ ਸੰਜੂ ਬੱਬਰ ਤੇ ਮਾਨਵ ਕਾਲੜਾ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਡਾ. ਦਵਿੰਦਰ ਗਿਰਧਰ ਨੇ ਸਮੂਹ ਮਾਪਿਆਂ ਦਾ ਧੰਨਵਾਦ ਕਰਦਿਆਂ ਭਰੋਸਾ ਦਿਵਾਇਆ ਕਿ ਭਵਿੱਖ ਵਿੱਚ ਵੀ ਸਕੂਲ ਵਿਦਿਆਰਥੀਆਂ ਦੀ ਪੜ੍ਹਾਈ ਦੇ ਨਾਲ-ਨਾਲ ਵਿਦਿਆਰਥੀਆਂ 'ਚ ਨਿਪੁੰਨਤਾ ਨੂੰ ਵਧਾਉਣ ਲਈ ਵੱਖ-ਵੱਖ ਗਤੀਵਿਧੀਆਂ ਤੇ ਸਮਾਗਮ ਕਰਵਾਉਂਦੇ ਰਹਿਣਗੇ।

ਟੈਲੀ ਫਿਲਮ 'ਬਦਲੇ ਦੀ ਅੱਗ' ਦਾ ਪੋਸਟਰ ਜਾਰੀ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਸਾਜਨ ਪੰਜਾਬੀ ਪ੍ਰੋਡਕਸ਼ਨ ਵੱਲੋਂ ਪੰਜਾਬੀ ਟੈਲੀ ਫਿਲਮ ਬਦਲੇ ਦੀ ਅੱਗ ਮੁਕੰਮਲ ਕਰ ਲਈ ਗਈ ਹੈ। ਬੀਤੇ ਦਿਨ ਡਰੀਮਲੈਂਡ ਫਿਲਮ ਸਿਟੀ ਬੁਲਾਡੇਵਾਲਾ ਵਿਖੇ ਮਨਜੀਤ ਸਿੰਘ ਸਰਪੰਚ ਬੁਲਾਡੇਵਾਲਾ, ਗਾਇਕ ਭਗਵਾਨ ਹਾਂਸ, ਗੀਤਕਾਰ ਕੁਲਦੀਪ ਕੰਡਿਆਰਾ, ਗਾਇਕਾ ਹਰਦੀਪ ਕੌਰ ਰੂਬੀ, ਫਿਲਮ ਅਦਾਕਾਰ ਭੋਲਾ ਲਾਇਲਪੁਰੀਆ, ਡਾਇਰੈਕਟਰ ਅਮਰਜੀਤ ਖੁਰਾਣਾ, ਸ਼ਰਨਪਾਲ ਭੁੱਲਰ, ਸੂਜਲ ਦੂਮੜਾ, ਬਲਵਿੰਦਰ ਗਿੱਲ ਵੱਲੋਂ ਫਿਲਮ ਦਾ ਪੋਸਟਰ ਜਾਰੀ ਕੀਤਾ ਗਿਆ। ਫਿਲਮ ਦੇ ਕੈਮਰਾਮੈਨ ਪੰਮਾ ਬੱਲੂਆਣਾ, ਨਿਰਮਾਤਾ ਨਿਰਦੇਸ਼ਕ ਗੁਰਨੈਬ ਸਾਜਨ ਦਿਉਣ ਨਾਲ ਫਿਲਮ ਦੀ ਟੀਮ 'ਚੋਂ ਅਦਾਕਾਰ, ਕਹਾਣੀਕਾਰ ਸੋਨੂੰ ਮਲੋਟ ਤੋਂ ਇਲਾਵਾ ਬੱਬੂ ਸ਼ੇਰਗਿੱਲ, ਜਸਵਿੰਦਰ ਗਿੱਲ, ਹਰਪ੍ਰੀਤ ਬਹਿਮਣ, ਚੇਤ ਬਰਾੜ ਦਿਉਣ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਟੈਲੀ ਫਿਲਮ ਬਦਲੇ ਦੀ ਅੱਗ 20 ਦਸੰਬਰ ਨੂੰ ਯੂ ਟਿਊਬ ਚੈਨਲ ਸਾਜਨ ਪੰਜਾਬੀ 'ਤੇ ਸ਼ਾਮ 4 ਵਜੇ ਰਿਲੀਜ਼ ਕੀਤੀ ਜਾਵੇਗੀ। ਨਿਰਦੇਸ਼ਕ ਗੁਰਨੈਬ ਸਾਜਨ ਨੇ ਦੱਸਿਆ ਕਿ ਸਮੁੱਚੀ ਫਿਲਮ ਪੇਂਡੂ ਦੋ ਭਰਾਵਾਂ ਦੀ ਜ਼ਿੰਦਗੀ ਦੁਆਲੇ ਘੁੰਮਦੀ ਹੈ, ਕਿਵੇਂ ਦੋ ਭਰਾਵਾਂ ਦੀ ਜ਼ਮੀਨ ਹਥਿਆਉਣ ਲਈ ਪਿੰਡ ਦੇ ਸ਼ਾਤਿਰ ਲੋਕ ਚਾਲਾਂ ਚੱਲਦੇ ਹਨ। ਫਿਲਮ ਬਦਲੇ ਦੀ ਅੱਗ 'ਚ ਮੇਨ ਵਿਲੇਨ ਚਰਨਜੀਤ ਸੰਧੂ ਯੂਐੱਸਏ, ਹਰਪ੍ਰੀਤ ਬਹਿਮਣ, ਜਸਵਿੰਦਰ ਗਿੱਲ, ਸਾਜਨ ਗਿੱਲ ਨੇ ਦਮਦਾਰ ਕਿਰਦਾਰ ਨਿਭਾਏ ਹਨ। ਬਾਕੀ ਅਦਾਕਾਰਾਂ 'ਚੋਂ ਬੱਬੂ ਸ਼ੇਰਗਿੱਲ, ਸਿੰਮੀ ਗਿੱਲ, ਸੋਨੂੰ ਮਲੋਟ, ਕੀਰਤ ਢਿੱਲੋਂ, ਬਲਜਿੰਦਰ ਵਿਰਕ, ਗੁਰਨੈਬ ਸਾਜਨ, ਜਸ਼ਨਜੀਤ ਰਤਨ, ਕਰਮਜੀਤ ਰਾਜੂ, ਪਰਮਪ੍ਰੀਤ ਵਿਰਕ, ਸਹਿਜ ਬਰਾੜ, ਗੁਰਵਿੰਦਰ ਸ਼ਰਮਾ, ਐੱਲ ਐੱਸ ਕੰਗ, ਚੇਤ ਬਰਾੜ, ਜ਼ੋਰਾ ਅਬਲੂ, ਸੇਵਕ ਹੁਸਨਰ, ਅਰਮਾਨਦੀਪ ਬੱਲੂਆਣਾ ਨੇ ਅਹਿਮ ਭੂਮਿਕਾ ਨਿਭਾਈਆਂ ਹਨ।

ਕਾਤਰਾਂ

ਔਰਤ ਦੀ ਕੁੱਟਮਾਰ ਦੇ ਦੋਸ਼ 'ਚ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਜ਼ਮੀਨ 'ਤੇ ਕਬਜ਼ਾ ਕਰਨ ਨੂੰ ਲੈ ਕੇ ਔਰਤ ਦੀ ਕੁੱਟਮਾਰ ਕਰਨ ਦੇ ਕਥਿਤ ਮਾਮਲੇ 'ਚ ਬਸੀ ਪਠਾਣਾਂ ਪੁਲਸ ਵੱਲੋਂ ਤਿੰਨ ਔਰਤਾਂ ਸਣੇ ਛੇ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਜਵਿੰਦਰ ਕੌਰ ਵਾਸੀ ਪਿੰਡ ਹਾਜੀਪੁਰ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਪਰਮਜੀਤ ਸਿੰਘ, ਕਰਮਜੀਤ ਕੌਰ ਪਤਨੀ ਪਰਮਜੀਤ ਸਿੰਘ, ਮਨਜੀਤ ਸਿੰਘ, ਕੁਲਦੀਪ ਕੌਰ ਪਤਨੀ ਮਨਜੀਤ ਸਿੰਘ, ਪਵਨਦੀਪ ਕੌਰ ਤੇ ਨਾਮਾਲੂਮ ਵਿਅਕਤੀ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਸੀ ਪਠਾਣਾਂ ਦੀ ਪੁਲਸ ਨੇ ਪਰਮਜੀਤ ਸਿੰਘ ਤੇ ਕਰਮਜੀਤ ਕੌਰ ਵਾਸੀਆਨ ਪਿੰਡ ਹਾਜ਼ੀਪੁਰ, ਮਨਜੀਤ ਸਿੰਘ, ਕੁਲਦੀਪ ਕੌਰ, ਪਵਨਦੀਪ ਕੌਰ ਵਾਸੀਆਨ ਪਿੰਡ ਦਹਿਰ ਮੁੰਡੀਆਂ (ਰੂਪਨਗਰ) ਤੇ ਨਾਮਾਲੂਮ ਵਿਅਕਤੀ ਵਿਰੁੱਧ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

ਭਵਨੇਸ਼ ਖੇੜਾ ਬਾਰ ਐਸੋ. ਦੇ ਜਾਇੰਟ ਸਕੱਤਰ ਚੁਣੇ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਦੇ ਜੰਮਪਲ ਨੌਜਵਾਨ ਐਡਵੋਕੇਟ ਭਵਨੇਸ਼ ਖੇੜਾ ਸਮਰਾਲਾ ਬਾਰ ਐਸੋਸੀਏਸ਼ਨ ਦੀ ਹੋਈ ਚੋਣ ਦੌਰਾਨ ਜੁਆਇੰਟ ਸਕੱਤਰ ਚੁਣੇ ਗਏ। ਉਨ੍ਹਾਂ ਦੀ ਇਸ ਨਿਯੁਕਤੀ 'ਤੇ ਵਕੀਲ ਭਾਈਚਾਰੇ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅਜਿਹੇ ਨੌਜਵਾਨ ਦਾ ਐਸੋਸੀਏਸ਼ਨ ਵਿੱਚ ਅੱਗੇ ਆਉਣਾ ਸ਼ਲਾਘਾਯੋਗ ਹੈ। ਐਡਵੋਕੇਟ ਭਵਨੇਸ਼ ਖੇੜਾ ਨੇ ਕਿਹਾ ਕਿ ਉਹ ਵਕੀਲ ਭਾਈਚਾਰੇ ਦੇ ਹਿੱਤਾਂ ਲਈ ਤਨਦੇਹੀ ਨਾਲ ਕੰਮ ਕਰਨਗੇ।

ਪ੍ਰਿੰ. ਮੋਨਿਕਾ ਨੂੰ ਫੈਪ ਐਵਾਰਡ ਨਾਲ ਕੀਤਾ ਸਨਮਾਨਤ

ਸਮਰਾਲਾ (ਸੁਰਜੀਤ ਸਿੰਘ)-ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਸਮਰਾਲਾ ਦੇ ਪ੍ਰਿੰਸੀਪਲ ਮਿਸ ਮੋਨਿਕਾ ਨੂੰ ਬੀਤੇ ਦਿਨ ਚੰਡੀਗੜ੍ਹ ਯੂਨੀਵਰਸਿਟੀ ਵਿੱਚ ਹੋਏ ਪ੍ਰੋਗਰਾਮ ਦੌਰਾਨ ਫੈਪ ਨੈਸ਼ਨਲ ਐਵਾਰਡ-2023 ਨਾਲ ਸਨਮਾਨਤ ਕੀਤਾ ਗਿਆ। ਸਕੂਲ ਦੀ ਉੱਨਤੀ ਵਿੱਚ ਮਹੱਤਵਪੂਰਨ ਯੋਗਦਾਨ ਦੇਣ ਵਾਲੇ ਮਿਸ ਮੋਨਿਕਾ ਨੂੰ ਸੰਸਥਾ ਨੇ ਪ੍ਰਿੰਸੀਪਲ ਐਵਾਰਡ ਲਈ ਚੁਣਿਆ। ਮਿਸ ਮੋਨਿਕਾ ਨੇ ਇਸ ਉਪਲੱਬਧੀ ਲਈ ਸਕੂਲ ਦੀ ਮੈਨੇਜਮੈਂਟ ਕਮੇਟੀ ਤੇ ਸਾਰੇ ਸਟਾਫ ਦੇ ਯੋਗਦਾਨ ਨੂੰ ਬਰਾਬਰ ਦੱਸਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਹ ਸਨਮਾਨ ਸਾਰੀ ਟੀਮ ਦੇ ਮਿਲਜੁਲ ਕੇ ਕੰਮ ਕਰਨ ਕਰਕੇ ਹੀ ਮਿਲਿਆ ਹੈ। ਸਕੂਲ ਦੇ ਚੇਅਰਪਰਸਨ ਸ੍ਰੀਮਤੀ ਕੁਲਵਿੰਦਰ ਕੌਰ ਬੈਨੀਪਾਲ, ਪ੍ਰੈਜ਼ੀਡੈਂਟ ਸ੍ਰੀ ਅਨਿਲ ਵਰਮਾ ਤੇ ਕਮੇਟੀ ਮੈਂਬਰ ਸ੍ਰ. ਰਮਨਦੀਪ ਸਿੰਘ ਨੇ ਮਿਸ ਮੋਨਿਕਾ ਨੂੰ ਇਸ ਸ਼ੁੱਭ ਮੌਕੇ ਵਧਾਈ ਦਿੱਤੀ।

ਦੜਾ-ਸੱਟਾ ਲਗਾਉਂਦਾ ਕਾਬੂ

ਮਾਛੀਵਾੜਾ ਸਾਹਿਬ, (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਪੁਲਸ ਨੇ ਦੜਾ ਸੱਟਾ ਲਗਾਉਣ ਦੇ ਕਥਿਤ ਦੋਸ਼ ਹੇਠ ਕਪਿਲ ਦੇਵ ਵਾਸੀ ਮਾਛੀਵਾੜਾ ਨੂੰ ਕਾਬੂ ਕੀਤਾ ਹੈ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੁਲਸ ਪਾਰਟੀ ਵੱਲੋਂ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਆ ਕੇ ਸੂਚਨਾ ਦਿੱਤੀ ਕਿ ਕਪਿਲ ਦੇਵ ਚਰਨ ਕੰਵਲ ਚੌਕ ਨੇੜੇ ਤੁਰ ਫਿਰ ਕੇ ਦੜੇ-ਸੱਟੇ ਦੀ ਪਰਚੀ ਲਿਖ ਰਿਹਾ ਹੈ, ਜਿਸ 'ਤੇ ਪੁਲਸ ਨੇ ਉਸ ਨੂੰ ਪਰਚੀ ਤੇ ਕੁਝ ਨਕਦੀ ਸਮੇਤ ਗ੍ਰਿਫ਼ਤਾਰ ਕਰ ਲਿਆ। ਪੁਲਸ ਨੇ ਉਸ ਖਿਲਾਫ਼ ਜੂਆ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਤੇਜ਼ ਰਫਤਾਰ ਕਾਰ ਪੱਥਰ ਨਾਲ ਟਕਰਾਈ, ਇੱਕ ਦੀ ਮੌਤ, ਦੋ ਜ਼ਖਮੀ

ਸੰਗਤ ਮੰਡੀ (ਰਾਜਦੀਪ ਜੋਸ਼ੀ)-ਸ਼ਨੀਵਾਰ ਸਵੇਰੇ ਰਿਫਾਇਨਰੀ ਰੋਡ 'ਤੇ ਪਿੰਡ ਚੱਕ ਹੀਰਾ ਸਿੰਘ ਨੇੜੇ ਇੱਕ ਕਾਰ ਬੇਕਾਬੂ ਹੋ ਕੇ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ, ਜਿਸ ਵਿੱਚ ਸਵਾਰ ਮਹਿਲਾ ਰੇਸ਼ਮਾ ਰਾਣੀ ਵਾਸੀ ਮਾਨਸਾ ਦੀ ਕਾਰ ਵਿੱਚੋਂ ਬਾਹਰ ਡਿੱਗਣ ਨਾਲ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਚਾਲਕ ਦਰਸ਼ਨ ਕੁਮਾਰ ਤੇ ਉਸ ਦਾ ਲੜਕਾ ਪ੍ਰਿੰਸ ਜ਼ਖਮੀ ਹੋ ਗਏ। ਹਾਦਸੇ ਦਾ ਪਤਾ ਲੱਗਦੇ ਹੀ ਹੈਲਪ ਲਾਈਨ ਵੈੱਲਵੇਅਰ ਸੁਸਾਇਟੀ ਦੇ ਵਲੰਟੀਅਰਜ਼ ਅਤੇ ਸੰਗਤ ਸਹਾਰਾ ਸੇਵਾ ਸੰਸਥਾ ਮਛਾਣਾ ਦੇ ਵਲੰਟੀਅਰ ਐਂਬੂਲੈਂਸ ਲੈ ਕੇ ਮੌਕੇ 'ਤੇ ਪਹੁੰਚੇ, ਪਰ ਉਦੋਂ ਤੱਕ ਜ਼ਖਮੀਆਂ ਨੂੰ ਇਲਾਜ ਲਈ ਗੁਰੂ ਗੋਬਿੰਦ ਸਿੰਘ ਰਿਫਾਇਨਰੀ ਦੀ ਐਂਬੂਲੈਂਸ ਚੁੱਕ ਕੇ ਲਿਜਾ ਚੁੱਕੀ ਸੀ। ਜਾਣਕਾਰੀ ਅਨੁਸਾਰ ਸੜਕ 'ਤੇ ਇੱਕ ਪੱਥਰ ਪਏ ਹੋਣ ਕਾਰਨ ਇਹ ਹਾਦਸਾ ਵਾਪਰਿਆ ਹੈ। ਰਿਫਾਇਨਰੀ ਪੁਲਸ ਚੌਕੀ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

ਪੀ ਟੀ ਐੱਮ ਦਾ ਉਦੇਸ਼ ਮਾਪਿਆਂ ਨੂੰ ਬੱਚਿਆਂ ਦੀ ਸਕੂਲੀ ਪੜ੍ਹਾਈ ਬਾਰੇ ਸਮਝ ਪ੍ਰਦਾਨ ਕਰਨਾ : ਅਸ਼ੋਕ ਪਰਾਸ਼ਰ

ਲੁਧਿਆਣਾ (ਰਾਜ ਸਿੰਗਲਾ)-ਵਿਧਾਇਕ ਅਸ਼ੋਕ ਪਰਾਸ਼ਰ ਪੱਪੀ ਤੇ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਬੀਤੇ ਸ਼ਨੀਵਾਰ ਇਸਲਾਮੀਆ ਸਕੂਲ ਲੁਧਿਆਣਾ ਵਿਖੇ ਇੱਕ ਮੈਗਾ ਪੇਰੈਂਟਸ ਟੀਚਰਜ਼ ਮੀਟ (ਪੀਟੀਐੱਮ) ਦੀ ਪ੍ਰਧਾਨਗੀ ਕੀਤੀ, ਜਿਸ ਵਿੱਚ ਉਨ੍ਹਾਂ ਨੇ ਇਸ ਪੀਟੀਐੱਮ ਬਾਰੇ ਆਪਣੇ ਤਜਰਬੇ ਮਾਪਿਆਂ ਨਾਲ ਸਾਂਝੇ ਕੀਤੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਤੇ ਡੀ ਸੀ ਨੇ ਕਿਹਾ ਕਿ ਇਸ ਮੈਗਾ ਪੀਟੀਐੱਮ ਦਾ ਉਦੇਸ਼ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਸਕੂਲੀ ਪੜ੍ਹਾਈ ਬਾਰੇ ਇੱਕ ਸਮਝ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਮਾਪਿਆਂ ਨੇ ਸਕੂਲ ਦੇ

18-Dec-PAGE-8.qxd 12/17/2023 10:38 PM Page 1

ਭਾਰਤੀ ਕਿਸਾਨ ਯੂਨੀਅਨ 'ਚ ਸੈਂਕੜੇ ਕਿਸਾਨ ਹੋਏ ਸ਼ਾਮਲ

ਮਹਿਤਪੁਰ (ਰਾਜਾ)

ਭਾਰਤੀ ਕਿਸਾਨ ਯੂਨੀਅਨ ਪੰਜਾਬ ਦੇ ਪਰਵਾਰ 'ਚ ਵਾਧਾ ਕਰਨ ਲਈ ਸੂਬਾ ਪ੍ਰਧਾਨ ਫੁਰਮਾਨ ਸੰਧੂ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਸੂਬਾ ਜਨਰਲ ਸਕੱਤਰ ਸੁੱਖ ਗਿੱਲ ਮੋਗਾ ਦੀ ਅਗਵਾਈ ਅਤੇ ਕੇਵਲ ਸਿੰਘ ਖਹਿਰਾ ਜ਼ਿਲ੍ਹਾ ਪ੍ਰਧਾਨ ਜਲੰਧਰ, ਨਰਿੰਦਰ ਸਿੰਘ ਬਾਜਵਾ ਬਲਾਕ ਪ੍ਰਧਾਨ ਮਹਿਤਪੁਰ, ਡਾ.ਐਮ ਪੀ ਸਿੰਘ ਬਲਾਕ ਪ੍ਰਧਾਨ, ਜਸਵੰਤ ਸਿੰਘ ਸਰਪੰਚ ਲੋਹਗੜ੍ਹ ਅਤੇ ਸੁੱਖਾ ਸਿੰਘ ਬਲਾਕ ਪ੍ਰਧਾਨ, ਸੁਰਿੰਦਰ ਸਿੰਘ ਸਰਪੰਚ ਭੱਦਮਾਂ, ਜਗਤਾਰ ਸਿੰਘ ਭੱਦਮਾਂ ਪ੍ਰਧਾਨ ਗੁ: ਕਮੇਟੀ ਦੀ ਪ੍ਰੇਰਨਾ ਸਦਕਾ ਸੈਂਕੜੇ ਕਿਸਾਨ ਜਥੇਬੰਦੀ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚ ਪਿੰਡ ਭੱਦਮਾਂ ਤੋਂ ਬਲਵਿੰਦਰ ਸਿੰਘ ਇਕਾਈ ਪ੍ਰਧਾਨ, ਮੀਤ ਪ੍ਰਧਾਨ ਸੁਖਬੀਰ ਸਿੰਘ 25 ਸਾਥੀਆਂ ਸਮੇਤ ਪਿੰਡ ਬਾਊਪੁਰ ਤੋਂ ਤਰਸੇਮ ਸਿੰਘ ਇਕਾਈ ਪ੍ਰਧਾਨ, ਸੁਲੀਮ ਕੁਲਿਆਨ ਮੀਤ ਪ੍ਰਧਾਨ 20 ਸਾਥੀਆਂ ਸਮੇਤ ਪਿੰਡ ਮੰਡਿਆਲਾ ਤੋਂ ਜੋਗਾ ਸਿੰਘ ਇਕਾਈ ਪ੍ਰਧਾਨ, ਮੀਤ ਪ੍ਰਧਾਨ ਜਸਕੀਰਤ ਸਿੰਘ 15 ਸਾਥੀਆਂ ਸਮੇਤ, ਪਿੰਡ ਹਾਥੀਆਣਾ ਤੋਂ ਇਕਾਈ ਪ੍ਰਧਾਨ ਬਲਵਿੰਦਰ ਸਿੰਘ, ਮੀਤ ਪ੍ਰਧਾਨ ਹਰਿੰਦਰ ਸਿੰਘ 16 ਸਾਥੀਆਂ ਸਮੇਤ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਬੀਬੀਆਂ ਵੀ ਵੱਡੀ ਗਿਣਤੀ 'ਚ ਸ਼ਾਮਲ ਹੋਈਆਂ ਅਤੇ ਉਨ੍ਹਾਂ ਜਥੇਬੰਦੀ ਵਿੱਚ ਵੱਡੇ ਪੱਧਰ 'ਤੇ ਬੀਬੀਆਂ ਨੂੰ ਸ਼ਾਮਲ ਕਰਨ ਦਾ ਐਲਾਨ ਵੀ ਕੀਤਾ। ਜਲਦ ਹੀ ਸ਼ਾਹਕੋਟ ਏਰੀਏ ਵਿੱਚ ਵੱਡੀ ਗਿਣਤੀ ਵਿੱਚ ਬੀਬੀਆਂ ਅਤੇ ਕਿਸਾਨ, ਮਜ਼ਦੂਰ ਅਤੇ ਨੌਜਵਾਨ ਸ਼ਾਮਲ ਹੋਣਗੇ। ਇਸ ਮੌਕੇ ਮੋਗਾ ਜ਼ਿਲ੍ਹੇ ਦੀ ਟੀਮ ਕਾਰਜ ਸਿੰਘ ਮਸੀਤਾਂ ਬਲਾਕ ਪ੍ਰਧਾਨ, ਦਵਿੰਦਰ ਸਿੰਘ ਕੋਟ ਸ਼ਹਿਰੀ ਪ੍ਰਧਾਨ, ਗੁਰਜੀਤ ਸਿੰਘ ਭਿੰਡਰ ਯੂਥ ਆਗੂ, ਹਰਦੀਪ ਸਿੰਘ ਕਰਮੂੰਵਾਲਾ, ਲਖਵਿੰਦਰ ਸਿੰਘ ਕਰਮੂੰਵਾਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸੁੱਖ ਗਿੱਲ ਮੋਗਾ, ਕੇਵਲ ਸਿੰਘ ਖਹਿਰਾ, ਨਰਿੰਦਰ ਸਿੰਘ ਬਾਜਵਾ ਅਤੇ ਸਾਰੀ ਟੀਮ ਨੇ ਜਥੇਬੰਦੀ ਵਿੱਚ ਆਉਣ 'ਤੇ ਸਭ ਨੂੰ ਜੀ ਆਇਆਂ ਆਖਿਆ। ਇਸ ਮੌਕੇ ਗੁਰਜੰਟ ਸਿੰਘ ਆਦਰਮਾਨ ਇਕਾਈ ਪ੍ਰਧਾਨ, ਪਾਲ ਸਿੰਘ ਝੁੱਗੀਆਂ, ਗੁਰਦੀਪ ਸਿੰਘ, ਸੋਢੀ ਸਰਪੰਚ, ਰਣਜੀਤ ਸਿੰਘ ਕੋਹਾੜ, ਸੁੱਖਾ ਸਿੰਘ ਸਰਪੰਚ, ਰਮਨਜੀਤ ਸਿੰਘ ਸਮਰਾ, ਲਖਬੀਰ ਸਿੰਘ ਗੋਬਿੰਦਪੁਰ, ਇਕਬਾਲ ਸਿੰਘ, ਪੀਟਰ ਬਾਲੋਕੀ, ਤਜਿੰਦਰ ਸਿੰਘ ਸੈਕਟਰੀ, ਲਾਲਜੀਤ ਸਿੰਘ ਭੁੱਲਰ, ਪੂਰਨ ਸਿੰਘ ਹਸਨ ਬੁਰਜ, ਸੋਢੀ ਸਿੰਘ ਉਧੋਵਾਲ, ਅਵਤਾਰ ਸਿੰਘ ਢਾਡੀ, ਦਲਜੀਤ ਸਿੰਘ ਬਾਬਾ, ਸੁਖਵਿੰਦਰ ਸਿੰਘ ਟੋਨੀ, ਪਰਮਜੀਤ ਸਿੰਘ ਉਧੋਵਾਲ, ਗੁਰਦੇਵ ਸਿੰਘ ਬਾਂਗੀ ਵਾਲ, ਗੱਬਰ ਸਿੰਘ ਹਸਨ ਬੁਰਜ ਆਦਿ ਕਿਸਾਨ ਹਾਜ਼ਰ ਹੋਏ। ਕੇਵਲ ਸਿੰਘ ਖਹਿਰਾ, ਨਰਿੰਦਰ ਸਿੰਘ ਬਾਜਵਾ ਅਤੇ ਟੀਮ ਵੱਲੋਂ ਆਏ ਹੋਏ ਸਾਰੇ ਆਗੂਆਂ ਦਾ ਸਿਰੋਪਾਓ ਦੇ ਕੇ ਸਨਮਾਨਤ ਕੀਤਾ।

ਡੇਰਾ ਬਾਬਾ ਦੁੱਧਾਧਾਰੀ ਫਰਾਲਾ ਵਿਖੇ ਸਮਾਗਮ 20-21 ਨੂੰ

ਬਹਿਰਾਮ (ਅਵਤਾਰ ਕਲੇਰ)- ਡੇਰਾ ਬਾਬਾ ਦੁੱਧਾਧਾਰੀ ਮਹੰਤ ਗੁਰਬਚਨ ਦਾਸ ਨਗਰ (ਫਰਾਲਾ) ਵਿਖੇ ਮਹੰਤ ਗੁਰਬਚਨ ਦਾਸ ਦਾ 99ਵਾਂ ਜਨਮ ਦਿਨ 20-21ਦਸੰਬਰ ਨੂੰ ਡੇਰੇ ਵਿਖੇ ਧਾਰਮਿਕ ਸਮਾਗਮ ਕਰਕੇ ਮਨਾਇਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਗੱਦੀ ਨਸ਼ੀਨ ਸੰਤ ਪ੍ਰੇਮ ਦਾਸ ਨੇ ਦੱਸਿਆ ਕਿ 20 ਦਸੰਬਰ ਨੂੰ ਸਾਰੇ ਨਗਰ ਵਿੱਚ ਸ਼ੋਭਾ ਯਾਤਰਾ ਸਜਾਈ ਜਾਵੇਗੀ। 21 ਦਸੰਬਰ ਨੂੰ ਡੇਰੇ ਵਿਖੇ ਕਲਾਕਾਰ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ । ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ।

250 ਗ੍ਰਾਮ ਹੈਰੋਇਨ ਸਮੇਤ 1 ਔਰਤ ਕਾਬੂ

ਕਪੂਰਥਲਾ (ਪ੍ਰੀਤ ਸੰਗੋਜਲਾ)- ਵਤਸਲਾ ਗੁਪਤਾ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਵਧ ਰਹੇ ਨਸ਼ਿਆਂ ਦੀ ਰੋਕਥਾਮ ਵਿਰੁੱਧ ਛੇੜੀ ਮੁਹਿੰਮ ਤਹਿਤ ਰਮਨਿੰਦਰ ਸਿੰਘ ਪੁਲਸ ਕਪਤਾਨ (ਇਨਵੈਸਟੀਗੇਸ਼ਨ) ਕਪੂਰਥਲਾ, ਗੁਰਮੀਤ ਸਿੰਘ ਉੱਪ ਪੁਲਿਸ ਕਪਤਾਨ (ਡਿਟੈਕਟਿਵ) ਕਪੂਰਥਲਾ ਦੀਆਂ ਹਦਾਇਤਾਂ ਅਨੁਸਾਰ ਇੰਸਪੈਕਟਰ ਜਰਨੈਲ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਕਪੂਰਥਲਾ ਦੀ ਨਿਗਰਾਨੀ ਹੇਠ, ਐਸ.ਆਈ ਲਾਭ ਸਿੰਘ ਸੀ.ਆਈ.ਏ ਸਟਾਫ ਕਪੂਰਥਲਾ ਨੇ ਸਮੇਤ ਪੁਲਸ ਪਾਰਟੀ ਦੇ ਦਾਣਾ ਮੰਡੀ ਕਪੂਰਥਲਾ ਨੇੜੇ ਨਾਕਾਬੰਦੀ ਕਰਕੇ ਰਾਜ ਕੌਰ ਉਰਫ ਰਾਣੀ ਪਤਨੀ ਕਿੱਕਰ ਸਿੰਘ ਵਾਸੀ ਪਿੰਡ ਦੌਲੇਵਾਲ ਥਾਣਾ ਕੋਟ ਈਸੇ ਖਾਂ ਜ਼ਿਲ੍ਹਾ ਮੋਗਾ ਨੂੰ ਕਾਬੂ ਕਰਕੇ ਉਸ ਪਾਸੋਂ 250 ਗ੍ਰਾਮ ਹੈਰੋਇਨ ਬ੍ਰਾਮਦ ਕੀਤੀ ਜਿਸ 'ਤੇ ਮੁਕੱਦਮਾ ਥਾਣਾ ਸਿਟੀ ਕਪੂਰਥਲਾ ਦਰਜ ਰਜਿਸਟਰ ਕੀਤਾ ਗਿਆ। ਗ੍ਰਿਫ਼ਤਾਰ ਕੀਤੀ ਗਈ ਔਰਤ ਪਾਸੋਂ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਰਹੀ ਹੈ ਜਿਸ ਨਾਲ ਹੋਰ ਵੀ ਅਹਿਮ ਖੁਲਾਸੇ ਅਤੇ ਬ੍ਰਾਮਦਗੀ ਹੋਣ ਦੀ ਸੰਭਾਵਨਾ ਹੈ।

ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਅਧੀਨ ਅੰਮ੍ਰਿਤਸਰ ਸਾਹਿਬ ਤੇ ਦਮਦਮਾ ਸਾਹਿਬ ਲਈ ਬੱਸ ਰਵਾਨਾ

ਕਰਤਾਰਪੁਰ,ਜਲੰਧਰ (ਹਰਮੇਸ਼ ਦੱਤ, ਸੁਰਿੰਦਰ ਕੁਮਾਰ)

ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਤਹਿਤ ਪੰਜਾਬ ਰੋਡਵੇਜ਼ ਦੀ 43 ਸੀਟਾਂ ਵਾਲੀ ਬੱਸ ਨੂੰ ਕਰਤਾਰਪੁਰ ਦੇ ਪਿੰਡ ਦਿਆਲਪੁਰ ਤੋਂ ਪਵਿੱਤਰ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਬੱਸ ਰਾਹੀਂ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਦਮਦਮਾ ਸਾਹਿਬ ਦੀ ਯਾਤਰਾ ਕੀਤੀ ਜਾਵੇਗੀ ਅਤੇ ਅੱਜ ਰਾਤ ਇਹ ਬੱਸ ਸ੍ਰੀ ਦਮਦਮਾ ਸਾਹਿਬ ਰੁਕੇਗੀ ਤੇ ਸੋਮਵਾਰ ਸਵੇਰੇ ਨੂੰ ਵਾਪਸ ਆਵੇਗੀ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵਲੋਂ ਧਾਰਮਿਕ ਸਥਾਨਾਂ ਦੇ ਮੁਫ਼ਤ ਦਰਸ਼ਨ ਕਰਵਾਉਣ ਲਈ 27 ਨਵੰਬਰ ਤੋਂ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਦੀ ਸ਼ੁਰੂਆਤ ਕੀਤੀ ਗਈ ਹੈ। ਯਾਤਰਾ ਦੌਰਾਨ ਰਿਹਾਇਸ਼ ਅਤੇ ਖਾਣੇ ਆਦਿ 'ਤੇ ਜੋ ਖ਼ਰਚਾ ਆਵੇਗਾ ਸਾਰਾ ਪੰਜਾਬ ਸਰਕਾਰ ਵਲੋਂ ਕੀਤਾ ਜਾਵੇ। ਇਸ ਸਕੀਮ ਤਹਿਤ ਸ਼ਰਧਾਲੂਆਂ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਹਜ਼ੂਰ ਸਾਹਿਬ, ਸ੍ਰੀ ਪਟਨਾ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਮਾਤਾ ਨੈਣਾ ਦੇਵੀ ਜੀ, ਵਰਿੰਦਾਵਨ ਧਾਮ, ਮਾਤਾ ਵੈਸ਼ਨੂੰ ਦੇਵੀ ਜੀ, ਮਾਤਾ ਚਿੰਤਪੁਰਨੀ, ਮਾਤਾ ਜਵਾਲਾ ਜੀ, ਵਾਰਾਣਸੀ, ਸ੍ਰੀ ਖਾਟੂ ਸ਼ਿਆਮ, ਸ੍ਰੀ ਸਲਾਸਰ ਬਾਲਾ ਜੀ ਧਾਮ ਅਤੇ ਖ਼ਵਾਜ਼ਾ ਅਜਮੇਰ ਸ਼ਰੀਫ ਦਰਗਾਹ ਦੇ ਦਰਸ਼ਨ ਕਰਵਾਏ ਜਾਣਗੇ। ਆਮ ਆਦਮੀ ਪਾਰਟੀ ਦੀ ਆਗੂ ਹਰਪ੍ਰੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਸ ਸਕੀਮ 'ਤੇ 40 ਕਰੋੜ ਰੁਪਏ ਖ਼ਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਯਾਤਰਾ 'ਤੇ ਜਾਣ ਵਾਲੇ ਸ਼ਰਧਾਲੂਆਂ ਦਾ ਮੈਡੀਕਲ ਚੈਕਅਪ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਸ਼ਰਧਾਲੂਆਂ ਨੂੰ ਯਾਤਰਾ 'ਤੇ

ਜਾਣ ਸਮੇਂ ਜ਼ਰੂਰੀ ਵਸਤਾਂ ਦੀ ਕਿੱਟ ਵੀ ਦਿੱਤੀ ਗਈ। ਪਿੰਡ ਜੱਲਾਵਾਲ ਦੀ ਸ਼ਰਧਾਲੂ ਮੋਹਿੰਦਰ ਕੌਰ (70) ਨੇ ਨਿਵੇਕਲੀ ਪਹਿਲ ਲਈ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਕੀਮ ਰਾਹੀਂ ਉਹ ਆਪਣੇ ਪਰਵਾਰ ਸਮੇਤ ਬਿਨਾਂ ਕਿਸੇ ਖ਼ਰਚ ਦੇ ਧਾਰਮਿਕ ਸਥਾਨਾਂ ਦੇ ਦਰਸ਼ਨ ਕਰ ਸਕਣਗੇ। ਦਿਆਲਪੁਰ ਦੀ ਤਰਨਪ੍ਰੀਤ ਕੌਰ (13) ਅਤੇ ਰੁਪਿੰਦਰ ਕੌਰ (15) ਵਲੋਂ ਵੀ ਇਸ ਸਕੀਮ 'ਤੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ।

ਸਥਾਨਕ ਸਰਕਾਰਾਂ ਮੰਤਰੀ ਵੱਲੋਂ ਸਫਾਈ ਸੇਵਕਾਂ ਤੇ ਮਿਉਂਸੀਪਲ ਵਰਕਰ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਮੀਟਿੰਗ

ਚੰਡੀਗੜ੍ਹ, (ਗੁਰਜੀਤ ਬਿੱਲਾ)

ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਸੂਬੇ ਦੇ ਸਫਾਈ ਸੇਵਕਾਂ ਅਤੇ ਮਿਉਂਸੀਪਲ ਵਰਕ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਉਨ੍ਹਾਂ ਦੀਆਂ ਮੰਗਾਂ ਸਬੰਧੀ ਅੱਜ ਮਿਉਂਸੀਪਲ ਭਵਨ, ਸੈਕਟਰ-35 ਚੰਡੀਗੜ੍ਹ ਵਿਖੇ ਮੀਟਿੰਗ ਕੀਤੀ। ਇਹ ਮੀਟਿੰਗ ਡਾਇਰੈਕਟਰ, ਸਥਾਨਕ ਸਰਕਾਰਾਂ, ਡਿਪਟੀ ਡਾਇਰੈਕਟਰ, ਸਥਾਨਕ ਸਰਕਾਰਾਂ ਅਤੇ ਡਿਪਟੀ ਕੰਟਰੋਲਰ, ਸਥਾਨਕ ਸਰਕਾਰਾਂ ਦੀ ਮੌਜੂਦਗੀ ਵਿੱਚ ਹੋਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਥਾਨਕ ਸਰਕਾਰਾ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਸੂਬੇ ਵਿੱਚ ਸਫਾਈ ਵਿਵਸਥਾ ਕਾਇਮ ਰੱਖਣਾ ਇੱਕ ਮਹੱਤਵਪੂਰਨ ਕੰਮ ਹੈ, ਜਿਸ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਅਧੀਨ ਕੰਮ ਕਰਦੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਵੱਲੋਂ ਅਹਿਮ ਭੂਮਿਕਾ ਨਿਭਾਈ ਜਾ ਰਹੀ ਹੈ। ਮੀਟਿੰਗ ਦੌਰਾਨ ਯੂਨੀਅਨਾਂ ਦੇ ਨੁਮਾਇੰਦਿਆ ਵੱਲੋਂ ਵੀ ਭਰੋਸਾ ਦਿਵਾਇਆ ਗਿਆ ਕਿ ਉਹ ਪੰਜਾਬ ਨੂੰ ਸਵੱਛਤਾ ਅਭਿਆਨ ਵਿੱਚ ਪਹਿਲੇ ਨੰਬਰ 'ਤੇ ਲੈ ਕੇ ਆਉਣ ਲਈ ਤਨਦੇਹੀ ਅਤੇ ਮਿਹਨਤ ਨਾਲ ਕੰਮ ਕਰਨਗੇ। ਮੀਟਿੰਗ ਵਿੱਚ ਯੂਨੀਅਨਾਂ ਦੀਆਂ ਵੱਖ-ਵੱਖ ਮੰਗਾਂ ਸਬੰਧੀ ਵਿਸਥਾਰਪੂਰਵਕ ਚਰਚਾ ਕੀਤੀ ਗਈ ਅਤੇ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਸੁਣਨ ਤੋਂ ਬਾਅਦ ਮੰਤਰੀ ਨੇ ਯੂਨੀਅਨਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜੋ ਵੀ ਜਾਇਜ਼ ਮੰਗਾਂ ਸਬੰਧੀ ਸਥਾਨਕ ਸਰਕਾਰਾ ਵਿਭਾਗ ਦੇ ਪੱਧਰ 'ਤੇ ਫੈਸਲਾ ਲਿਆ ਜਾਣਾ ਹੈ, ਉਨ੍ਹਾਂ ਮੰਗਾਂ ਸਬੰਧੀ ਜਲਦ ਤੋਂ ਜਲਦ ਬਣਦੀ ਕਾਰਵਾਈ ਕੀਤੀ ਜਾਵੇਗੀ।

ਪ੍ਰਾਇਮਰੀ ਸਕੂਲ ਝੰਡੀਪੀਰ ਕਡਿਆਣਾ 'ਚ ਮਾਪੇ-ਅਧਿਆਪਕ ਮੀਟਿੰਗ

ਫਿਲੌਰ (ਨਿਰਮਲ)

ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਝੰਡੀਪੀਰ ਕਡਿਆਣਾ ਵਿਖੇ ਸਿੱਖਿਆ ਵਿਭਾਗ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਕੂਲ ਦੇ ਮੁੱਖ ਅਧਿਆਪਕ ਜਗਜੀਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਮਾਪੇ ਅਧਿਆਪਕ ਮਿਲਣੀ ਮੈਗਾ ਪੀ ਟੀ ਐਮ ਦਾ ਆਯੋਜਨ ਕੀਤਾ ਗਿਆ। ਇਸ ਮੀਟਿੰਗ ਵਿੱਚ ਮਾਪਿਆਂ ਨਾਲ ਵਿਦਿਆਰਥੀਆਂ ਦੀ ਅਕਾਦਮਿਕ ਕਾਰਗੁਜ਼ਾਰੀ ਦੀ ਚਰਚਾ ਕੀਤੀ ਗਈ। ਅਧਿਆਪਕਾਂ ਵੱਲੋਂ ਮਿਸ਼ਨ ਸਮਰੱਥ ਪ੍ਰੋਜੈਕਟ ਤਹਿਤ ਬੱਚਿਆਂ ਦੇ ਸਿੱਖਣ ਪੱਧਰ ਬਾਰੇ ਮਾਪਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ। ਸਲਾਨਾ ਪ੍ਰੀਖਿਆ ਦੀ ਤਿਆਰੀ ਸਬੰਧੀ ਮਿਸ਼ਨ 100 ਪ੍ਰਤੀਸ਼ਤ ਬਾਰੇ ਮਾਪਿਆਂ ਨਾਲ ਗੱਲਬਾਤ ਕੀਤੀ ਗਈ ਅਤੇ ਮਿਸ਼ਨ 100% ਨੂੰ ਸਫਲ ਬਣਾਉਣ ਲਈ ਵਿਚਾਰ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਸਕੂਲ ਵਿੱਚ ਵਿਦਿਆਰਥੀਆਂ ਦੇ ਦਾਖਲੇ ਵਧਾਉਣ ਸਬੰਧੀ ਮਾਪਿਆਂ ਨਾਲ ਗੱਲਬਾਤ ਕੀਤੀ ਗਈ। ਮਾਪਿਆਂ ਨੇ ਇਸ ਮੈਗਾ ਪੀ ਟੀ ਐਮ ਦੀ ਸ਼ਲਾਘਾ ਕੀਤੀ ਅਤੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਅਜਿਹੇ ਕਦਮ ਬੱਚਿਆਂ ਲਈ ਲਾਹੇਵੰਦ ਸਾਬਤ ਹੋਣਗੇ। ਅੱਜ ਬੱਚਿਆਂ ਤੇ ਮਾਪਿਆਂ

ਵਾਸਤੇ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਸਕੂਲ ਨੂੰ ਖੂਬ ਸ਼ਿੰਗਾਰਿਆ ਗਿਆ ਤਾਂ ਜੋ ਮਾਪੇ ਸਕੂਲ 'ਤੇ ਮਾਣ ਮਹਿਸੂਸ ਕਰ ਸਕਣ। ਇਸ ਮੌਕੇ ਜਗਜੀਤ ਸਿੰਘ ਰੰਧਾਵਾ ਮੁੱਖ ਅਧਿਆਪਕ, ਮੈਡਮ ਪ੍ਰੀਤੀ ਰਾਣੀ, ਮੈਡਮ ਕਿਰਨਦੀਪ ਕੌਰ, ਚੇਅਰਮੈਨ ਮਨਜੀਤ ਕੌਰ, ਗੁਲਾਬਦੀਨ, ਜਗਜੀਤ ਸਿੰਘ ਜੱਗਾ, ਜੋਗਾ ਰਾਮ, ਰਮਨਦੀਪ ਕੌਰ, ਸ੍ਰੀਮਤੀ ਸ਼ੀਲਾ, ਦਲਜੀਤ ਕੌਰ, ਗੁਰਜੀਤ ਸਿੰਘ ਆਦਿ ਹਾਜ਼ਰ ਸਨ।

'ਹੈਕਾਥਾਨ ਦਾ ਪਹਿਲਾ ਮੰਤਵ ਸਮਾਜ 'ਚ ਕ੍ਰਾਂਤੀਕਾਰੀ ਬਦਲਾਅ ਲਿਆਉਣਾ'

ਚੰਡੀਗੜ੍ਹ, (ਕ੍ਰਿਸ਼ਨ ਗਰਗ)

ਹਰਿਆਣਾ ਪੁਲਸ ਅਤੇ ਹਰਿਆਣਾ ਰਾਜ ਨਾਰਕੋਟਿਕਸ ਕੰਟ੍ਰੋਲ ਬਿਊਰੋ ਨੇ ਸਾਂਝੇ ਸਹਿਯੋਗ ਨਾਲ ਇਕ ਅਨੋਖੀ ਪਹਿਲ ਹੈਕਥਾਨ ਸ਼ੁਰੂ ਕੀਤਾ ਹੈ. ਜਿਸ ਦੇ ਤਹਿਤ 14 ਜਨਵਰੀ, 2024 ਨੂੰ ਪੰਚਕੂਲਾ ਵਿਚ ਪ੍ਰੋਗ੍ਰਾਮ ਆਯੋਜਿਤ ਹੋਵੇਗਾ। ਇਸ ਪ੍ਰੋਗ੍ਰਾਮ ਦਾ ਮੰਤਵ ਨੌਜੁਆਨਾਂ ਨੂੰ ਨਸ਼ੀਲੀ ਦਵਾਈਆਂ ਤੇ ਪਦਾਰਥਾਂ ਦੀ ਵਰਤੋਂ ਕਰਨ ਤੋਂ ਰੋਕਣਾ ਅਤੇ ਉਨ੍ਹਾਂ ਨੂੰ ਅਪਰਾਧ ਨਾ ਕਰਨ ਲਈ ਪ੍ਰੇਰਿਤ ਕਰਨਾ ਹੈ। ਇਸ ਤਰ੍ਹਾਂ ਦੇ ਅਨੋਖੇ ਹੈਕਾਥਾਨ ਦਾ ਪਹਿਲਾ ਮੰਤਵ ਸਮਾਜ ਵਿਚ ਕ੍ਰਾਂਤੀਕਾਰੀ ਬਦਲਾਅ ਲਿਆਉਣਾ ਹੈ। ਖਾਸ ਕਰਕੇ ਭਾਰਤ ਦੇ ਨੌਜੁਆਨਾਂ ਤਕ ਨਸ਼ਾ ਵਿਰੋਧੀ ਸੰਦੇਸ਼ ਪਹੁੰਚਾਉਣਾ ਹੈ। ਇਹ ਪ੍ਰੋਗ੍ਰਾਮ ਸਮਾਜ ਦਾ ਨਜਰਿਆ ਬਦਲਣ, ਬਲਾਕਚੈਨ, ਵੈਬ 3, ਗੇਮੀਫਿਕੇਸ਼ਨ ਆਦਿ ਚੁੱਕ ਕੇ ਪਾਰੰਪਰਿਕ ਜਾਗਰੂਕਤਾ ਲਿਆਉਣਾ. ਇਸ ਦਾ ਟੀਚਾ ਡਿਜੀਟਲ ਤਜੁਰਬਿਆਂ ਨੂੰ ਤਿਆਰ ਕਰਨਾ ਹੈ, ਜੋ ਨਸ਼ੀਲੀ ਦਵਾਈਆਂ ਦੇ ਦੁਰਵਰਤੋਂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜੁੜਾਵ, ਸਮਝ ਅਤੇ ਜਾਗਰੂਕਤਾ ਨੂੰ ਪ੍ਰੋਤਸਾਹਿਤ ਦਿੰਦਾ ਹੈ। ਇਹ ਹੈਕਾਥਾਨ ਹਰਿਆਣਾ ਅਤੇ ਪੰਜਾਬ ਦੇ ਉਤਸ਼ਾਹੀ ਵਿਦਿਆਰਥੀਆਂ ਅਤੇ ਕਿਸ਼ੋਰਾਂ ਨੂੰ ਖਿੱਚ ਰਿਹਾ ਹੈ, ਜੋ ਹਾਂ-ਪੱਖੀ ਬਦਲਾਅ ਲਿਆਉਣ ਅਤੇ ਨਸ਼ੀਲੀ ਦਵਾਈਆਂ ਦੀ ਵਰਤੋਂ ਨਾਲ ਨਿਪਟਾਉਣ ਲਈ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕਰ ਰਿਹਾ ਹੈ। ਹਰਿਆਣਾ ਪੁਲਸ ਦੇ ਡਾਇਰੈਕਟਰ ਜਰਨਲ ਸ਼ਤਰੂਜੀਤ ਕਪੂਰ ਦਾ ਕਹਿਣਾ ਹੈ ਕਿ ਹੈਕ

18-Dec-PAGE-9.qxd 12/17/2023 10:37 PM Page 1

ਸ਼ਰਾਰਤੀ ਵਿਰੁੱਧ ਪਰਚਾ ਦਰਜ ਕੀਤਾ ਜਾਵੇ : ਸਾਂਝਾ ਅਧਿਆਪਕ ਮੋਰਚਾ

ਸੁਲਤਾਨਪੁਰ ਲੋਧੀ (ਪੱਤਰ ਪ੍ਰੇਰਕ) - ਸਰਕਾਰੀ ਮਿਡਲ ਸਕੂਲ ਕਰਮਜੀਤਪੁਰ ਵਿੱਚ ਪੰਜ ਤੋਂ ਛੇ ਅਨਸਰਾਂ ਵੱਲੋਂ ਸਕੂਲ ਦੇ ਰਜਿਸਟਰ ਅਤੇ ਅਧਿਆਪਕਾ ਨਾਲ ਗੈਰ ਕਾਨੂੰਨੀ ਢੰਗ ਨਾਲ ਫੋਟੋ ਖਿਚਵਾਉਣਾ ਅਤੇ ਸਕੂਲ ਨੂੰ ਚੈੱਕ ਕਰਨ ਦੀ ਧਮਕੀ ਦੇਣ ਦੀ ਘਿਣੌਨੀ ਹਰਕਤ ਨੂੰ ਲੈ ਕੇ ਸਾਂਝਾ ਅਧਿਆਪਕ ਮੋਰਚਾ ਦੀ ਇੱਕ ਵਿਸ਼ੇਸ਼ ਹੰਗਾਮੀ ਮੀਟਿੰਗ ਹੋਈ।ਮੀਟਿੰਗ ਦੀ ਅਗਵਾਈ ਸਾਂਝੇ ਮੋਰਚੇ ਦੇ ਆਗੂਆਂ ਸੁਖਚੈਨ ਸਿੰਘ ਬੱਧਣ, ਰਛਪਾਲ ਸਿੰਘ ਵੜੈਚ, ਸੁਖਦਿਆਲ ਸਿੰਘ ਝੰਡ, ਹਰਵਿੰਦਰ ਸਿੰਘ ਅੱਲੂਵਾਲ, ਨਰੇਸ਼ ਕੋਹਲੀ, ਇੰਦਰਜੀਤ ਸਿੰਘ, ਆਦਿ ਦੀ ਅਗਵਾਈ ਵਿੱਚ ਹੋਈ। ਮੀਟਿੰਗ ਵਿੱਚ ਸੁਲਤਾਨਪੁਰ ਲੋਧੀ ਦੇ ਹਲਕਾ ਇੰਚਾਰਜ ਸੱਜਣ ਚੀਮਾ ਵੱਲੋਂ ਸਕੂਲਾਂ ਵਿੱਚੋਂ ਸਿਫਾਰਸ਼ ਵਾਲੇ ਅਧਿਆਪਕ ਹੋਰ ਸਕੂਲਾਂ ਵਿੱਚ ਸ਼ਿਫਟ ਕਰਕੇ ਸਕੂਲ ਟੀਚਰ ਲੈਸ ਕਰਨ ਦਾ ਮਾਮਲਾ ਗੰਭੀਰਤਾ ਨਾਲ ਵਿਚਾਰਿਆ ਗਿਆ । ਵਰਣਨਯੋਗ ਹੈ ਕਿ ਹਲਕੇ ਦੇ ਸਕੂਲ ਕਰਮਜੀਤ ਪੁਰ ਜੋ ਟੀਚਰ ਲੈਸ ਹੈ, ਵਿਖੇ ਲੰਬੇ ਸਮੇਂ ਤੋਂ ਇੱਕ ਅਧਿਆਪਕ ਆਰਜੀ ਪ੍ਰਬੰਧ 'ਤੇ ਚਲਾ ਰਿਹਾ ਹੈ ਅਤੇ ਹੁਣ ਕੁਝ ਦਿਨ ਪਹਿਲਾਂ ਵਿਭਾਗ ਨੇ ਇੱਕ ਐਸੋਸੀਏਟ ਟੀਚਰ ਜੋ ਮਿਡਲ ਸਕੂਲ ਵਿੱਚ ਸੀ ਨੂੰ ਇਸ ਸਕੂਲ ਵਿੱਚ ਭੇਜਿਆ ਸੀ। ਪਰ ਹਲਕਾ ਇੰਚਾਰਜ ਵੱਲੋਂ ਟੀਚਰ ਜੁਆਇਨ ਕਰਨ ਤੋਂ ਕੁਝ ਘੰਟੇ ਬਾਅਦ ਹੀ ਵਿਭਾਗ ਦੇ ਅਧਿਕਾਰੀਆਂ ਉਪਰ ਦਬਾਅ ਪਾਉਣਾ ਸ਼ੁਰੂ ਕਰ ਦਿੱਤਾ ਕਿ ਇਸ ਟੀਚਰ ਨੂੰ ਤੁਰੰਤ ਘੱਟ ਬੱਚਿਆਂ ਵਾਲੇ ਸਕੂਲ ਭੇਜ ਦਿੱਤਾ ਜਾਵੇ। ਪਰ ਜਦ ਸਕੂਲ ਵਿੱਚ ਆਰਜੀ ਪ੍ਰਬੰਧ ਚਲਾ ਰਹੇ ਅਧਿਆਪਕ ਨੇ ਰਿਲੀਵ ਕਰਨ ਤੋਂ ਮਨਾ ਕਰ ਦਿੱਤਾ ਤਾਂ ਹਲਕਾ ਇੰਚਾਰਜ ਦੇ ਪੀ. ਏ. ਲਵਪ੍ਰੀਤ ਸੱਤ ਅੱਠ ਅਣਪਛਾਤੇ ਵਿਅਕਤੀ ਲੈ ਕੇ ਸਕੂਲ ਵਿੱਚ ਅਧਿਆਪਕ ਰਿਲੀਵ ਕਰਨ ਲਈ ਪੁੱਜ ਗਿਆ ਅਤੇ ਭੁਲੇਖੇ ਨਾਲ ਮਿਡਲ ਸਕੂਲ ਵਿੱਚ ਜਾ ਕੇ ਓਥੇ ਮੌਜੂਦ ਮਹਿਲਾ ਅਧਿਆਪਕਾ ਨਾਲ ਬਹਿਸਬਾਜੀ ਕੀਤੀ ਅਤੇ ਸਕੂਲ ਰਿਕਾਰਡ ਦੀ ਫਰੋਲਾ ਫਰਾਲੀ ਕੀਤੀ ਅਤੇ ਅਧਿਆਪਕ ਵਰਗ ਦੀ ਸ਼ਾਨ ਖਿਲਾਫ ਲਫਜ ਵਰਤੇ। ਇਸ ਮੁੱਦੇ ਉਪਰ ਸਮੂਹ ਜਥੇਬੰਦੀਆਂ ਨੇ ਮਤਾ ਪਾਸ ਕਰਕੇ ਸਕੂਲ ਵਿੱਚ ਡਰ ਦਾ ਮਹੌਲ ਬਣਾਉਣ ਵਾਲੇ ਅਨਸਰਾਂ ਖਿਲਾਫ ਪਰਚਾ ਦਰਜ ਕਰਾਉਣ ਲਈ ਦਰਖਾਸਤ ਡੀ.ਐਸ ਪੀ ਸੁਲਤਾਨਪੁਰ ਲੋਧੀ ਦੇ ਨਾਂਅ ਸੌਂਪੀ।ਇਸ ਮੌਕੇ 'ਤੇ ਮੈਡਮ ਪੂਜਾ ਰਾਣੀ, ਹਰਵਿੰਦਰ ਕੌਰ ਸੀਐਚਟੀ, ਰਾਜ ਕੁਮਾਰ ਸੀਐਚਟੀ, ਪਰਮਜੀਤ ਕੌਰ, ਵਿਸ਼ਾਲੀ ਸੂਦ, ਪ੍ਰਵੀਨ ਕੁਮਾਰੀ, ਜਸਵਿੰਦਰ ਸਿੰਘ, ਅਰੂਣ ਹਾਂਡਾ, ਸੁਖਨਿੰਦਰ ਸਿੰਘ, ਹਰਵਿੰਦਰ ਸਿੰਘ ਢਿੱਲੋਂ, ਕੁਲਵਿੰਦਰ ਸਿੰਘ, ਪਰਮਿੰਦਰ ਸਿੰਘ, ਅਵਤਾਰ ਸਿੰਘ, ਸੁਖਦੇਵ ਸਿੰਘ, ਜਗਜੀਤ ਸਿੰਘ, ਦਵਿੰਦਰ ਸ਼ਰਮਾ, ਅਜੇ ਕੁਮਾਰ ਗੁਪਤਾ, ਜਗਤਾਰ ਸਿੰਘ, ਇੰਦਰਵੀਰ ਸਿੰਘ ਅਰੋੜਾ, ਕਮਲਪ੍ਰੀਤ ਸਿੰਘ, ਅਮਨਦੀਪ ਸਿੰਘ ਬਾਊਪੁਰ, ਅਮਨਦੀਪ ਸਿੰਘ ਖਿੰਡਾ, ਸੁਖਦੇਵ ਸਿੰਘ, ਹਰਵਿੰਦਰ ਸਿੰਘ, ਅਸ਼ਵਨੀ ਕੁਮਾਰ, ਰਜੀਵ ਕੁਮਾਰ ਆਦਿ ਸਹਿਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜਰ ਸਨ। ਉਧਰ ਦੂਜੇ ਪਾਸੇ ਜਦੋਂ ਇਸ ਸੰਬੰਧੀ ਪੀਏ ਲਵਪ੍ਰੀਤ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਸਨੇ ਦੱਸਿਆ ਕਿ ਉਹ ਸਕੂਲ 'ਚ ਅਧਿਆਪਕਾਂ ਦੀ ਘਾਟ ਸੰਬਧੀ ਜਾਣਕਾਰੀ ਲੈਣ ਗਏ ਸਨ।

ਐਡਵੋਕੇਟ ਸ਼ਮਸ਼ੇਰ ਸਿੰਘ ਝਿੱਕਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਬਣੇ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਜ਼ਿਲ੍ਹਾ ਬਾਰ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਨਗਰ, ਨਵਾਂਸ਼ਹਿਰ ਸਾਲਾਨਾ ਪ੍ਰਧਾਨਗੀ ਚੋਣ ਵਿਚ ਐਡਵੋਕੇਟ ਸ਼ਮਸ਼ੇਰ ਸਿੰਘ ਝਿੱਕਾ ਨੂੰ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਚੁਣਿਆ ਗਿਆ, ਉਨ੍ਹਾਂ ਨੂੰ 192 ਵੋਟਾਂ, ਵਿਰੋਧੀ ਉਮੀਦਵਾਰ ਐਡਵੋਕੇਟ ਗੁਰਪਾਲ ਸਿੰਘ ਕਾਹਲੋਂ ਸਾਬਕਾ ਪ੍ਰਧਾਨ ਨੂੰ 113 ਵੋਟਾਂ ਅਤੇ 79 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਵਾਇਸ ਪ੍ਰਧਾਨ ਚੋਣ ਐਡਵੋਕੇਟ ਰਾਜਨ ਸੂਦ 197 ਵੋਟਾਂ ਵਿਰੋਧੀ ਐਡਵੋਕੇਟ ਸਪਨਾ ਜੱਗੀ ਨੂੰ 109 ਵੋਟਾਂ ਅਤੇ 88 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਜੁਆਇੰਟ ਸੈਕਟਰੀ ਐਡਵੋਕੇਟ ਸੰਜੀਵ ਸ਼ਰਮਾ ਨੂੰ 180 ਵੋਟਾਂ, ਵਿਰੋਧੀ ਐਡਵੋਕੇਟ ਨਵਦੀਪ ਲੋਚਨ ਨੂੰ 124 ਵੋਟਾਂ ਅਤੇ 56 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ। ਸੈਕਟਰੀ ਐਡਵੋਕੇਟ ਰਾਜਿੰਦਰ ਕੁਮਾਰ, ਖਜ਼ਾਨਚੀ ਐਡਵੋਕੇਟ ਗਗਨਦੀਪ ਸਿੰਘ ਦੁਸਾਂਝ, ਲਾਇਬਰੇਰੀ ਇੰਚਾਰਜ ਐਡਵੋਕੇਟ ਇੰਦਰਪ੍ਰੀਤ ਸਿੰਘ ਹੁੰਦਲ, ਕਾਰਜਕਾਰੀ ਮੈਂਬਰ ਐਡਵੋਕੇਟ ਰੋਹਿਤ ਕੁਮਾਰ ਬਾਲੀ, ਐਡਵੋਕੇਟ ਗੁਰਪ੍ਰੀਤ ਕੌਰ ਝਿੱਕਾ, ਐਡਵੋਕੇਟ ਵਿਜੈ ਲਕਸ਼ਮੀ ਉਮੀਦਵਾਰਾਂ ਨੇ ਨਿਰਵਿਰੋਧ ਜਿੱਤ ਪ੍ਰਾਪਤ ਕੀਤੀ। ਇਹ ਜਾਣਕਾਰੀ ਐਡਵੋਕੇਟ ਮਨੋਹਰ ਸਿੰਘ ਨਿਰੀਖਕ, ਐਡਵੋਕੇਟ ਹਰਮੇਸ਼ ਸੁਮਨ ਰਿਟਰਨਿੰਗ ਅਧਿਕਾਰੀ ਨੇ ਚੋਣ ਨਤੀਜਿਆਂ ਤੋਂ ਬਾਅਦ ਦਿੱਤੀ।

ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਮੋਦੀ ਸਰਕਾਰ ਵਿਰੁੱਧ ਪ੍ਰਦਰਸ਼ਨ ਅੱਜ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੰਸਦ ਵਿੱਚ ਰੰਗਦਾਰ ਕੈਨੇਸਟਰ ਨਾਲ ਧੂੰਆਂ ਕਰਨ ਵਾਲੇ ਨੌਜਵਾਨਾਂ 'ਤੇ ਯੂਏਪੀਏ ਲਾਉਣ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਖਿਲਾਫ਼ 18 ਦਸੰਬਰ ਨੂੰ ਪੰਜਾਬ ਭਰ ਵਿੱਚ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਕੁਰੜ, ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ ਇਹ ਨੌਜਵਾਨ ਸ਼ਹੀਦ ਭਗਤ ਤੋਂ ਪ੍ਰਭਾਵਿਤ ਸਨ। ਸ਼ਹੀਦ ਭਗਤ ਸਿੰਘ ਦੇ ਫੈਨ ਗਰੁੱਪ ਰਾਹੀਂ ਇਕ ਦੂਜੇ ਨਾਲ ਜੁੜੇ ਸਨ। ਇਹ ਨੌਜਵਾਨ ਪੜ੍ਹੇ ਲਿਖੇ ਸਨ ਤੇ ਬੇਰੁਜ਼ਗਾਰੀ ਤੋਂ ਪੀੜਤ ਸਨ। ਦੇਸ਼ ਦੀ ਮੋਦੀ ਹਕੂਮਤ ਦੇਸ਼ ਭਰ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਵਜਾਏ ਫਿਰਕੂ ਮੁੱਦੇ ਭੜਕਾ ਕੇ ਸੱਤਾ 'ਚ ਰਹਿਣਾ ਚਾਹੁੰਦੀ ਹੈ । ਉਸ ਖਿਲਾਫ਼ ਉੱਠ ਰਹੀ ਹਰ ਉਹ ਅਵਾਜ਼ ਨੂੰ ਤਾਨਾਸ਼ਾਹੀ ਰੱਵਈਏ ਨਾਲ ਦਬਾ ਰਹੀ ਹੈ। ਇਸੇ ਤਾਨਾਸ਼ਾਹੀ ਖਿਲਾਫ਼ ਇਨ੍ਹਾਂ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਦੀ ਤਰਜ਼ 'ਤੇ ਆਪਣੀ ਆਵਾਜ਼ ਸੁਣਾਉਣ ਲਈ ਇਹ ਤਰੀਕਾ ਅਪਣਾਇਆ ਜਿਸ ਵਿਚ ਕਿਤੇ ਵੀ ਉਨ੍ਹਾਂ ਦਾ ਤਰੀਕਾ ਕਿਸੇ ਦਾ ਜਾਨੀ ਨੁਕਸਾਨ ਕਰਨ ਵਾਲਾ ਨਹੀਂ ਸੀ। ਉਨ੍ਹਾਂ ਹੋਲੀ ਦੇ ਦਿਨਾਂ 'ਚ ਵਰਤਿਆ ਜਾਣ ਵਾਲਾ ਰੰਗ ਹੀ ਵਰਤਿਆ ਹੈ। ਉਨ੍ਹਾਂ ਅਜਿਹਾ ਕਰਨ ਸਮੇਂ ਤਾਨਾਸ਼ਾਹੀ ਨਹੀਂ ਚਲੇਗੀ ਅਤੇ ਜੈ ਭੀਮ ਜੈ ਭਾਰਤ ਦੇ ਨਾਅਰੇ ਲਗਵਾਏ। ਮੋਦੀ ਹਕੂਮਤ ਨੇ ਆਪਣੀ ਤਾਨਾਸ਼ਾਹੀ ਸੋਚ ਤਹਿਤ ਉਨਾਂ ਤੇ ਯੂਏਪੀਏ ਦੇ ਪਰਚੇ ਦਰਜ ਕਰ ਦਿੱਤੇ ਹਨ।ਉਨ੍ਹਾਂ ਕਿਹਾ ਕਿ ਅੱਜ ਦੇਸ਼ ਭਰ ਵਿੱਚ ਪ੍ਰਦਰਸ਼ਨਾਂ ਤੇ ਪਾਬੰਦੀਆਂ ਲਗਾਈਆਂ ਜਾ ਰਹੀਆਂ ਹਨ ।ਜੰਤਰ ਮੰਤਰ ਅਤੇ ਜੇਐਨਯੂ 'ਚ ਵੀ ਪ੍ਰਦਰਸ਼ਨ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਮਨੀਪੁਰ ਨੂੰ ਬਲਦੀ ਦੇ ਮੂੰਹ 'ਚ ਸੁੱਟ ਦਿੱਤਾ ਹੈ। ਮੋਦੀ ਹਕੂਮਤ ਦੇਸ਼ ਦੇ ਕਿਸਾਨਾਂ ਮਜ਼ਦੂਰਾਂ, ਬੇਰੁਜ਼ਗਾਰਾਂ ਦੀ ਅਵਾਜ਼ ਸੁਣ ਨਹੀਂ ਰਹੀਸ਼ ਇਨਾਂ ਨੌਜਵਾਨਾਂ ਦੇ ਨਾਅਰੇ ਵੀ ਦੇਸ਼ ਵਿਰੋਧੀ ਜਾਂ ਫਿਰਕੂ ਨਹੀਂ ਹਨ। ਉਨ੍ਹਾਂ ਨੇ ਅਜਿਹਾ ਕਿਉਂ ਕੀਤਾ ਉਸਦਾ ਉਦੇਸ਼ ਸਮਝਣ ਦੀ ਬਜਾਏ ਯੂਏਪੀਏ ਲਗਾ ਦਿੱਤਾ,ਜਿਸ ਨੂੰ ਯੂਨੀਅਨ ਰੱਦ ਕਰਨ ਦੀ ਮੰਗ ਕਰਦੀ ਹੈ। ਇਸ ਖਿਲਾਫ਼ ਯੂਨੀਅਨ ਵਲੋਂ 18 ਦਸੰਬਰ ਸੋਮਵਾਰ ਨੂੰ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ।

ਬਾਬਾ ਸੈਣ ਭਗਤ ਦਾ ਜਨਮ ਦਿਹਾੜਾ 26 ਨੂੰ ਮਨਾਇਆ ਜਾਵੇਗਾ

ਫਿਲੌਰ (ਨਿਰਮਲ) ਦੇਹਰਾ ਬਾਬਾ ਸੈਣਿ ਭਗਤ ਜੀ ਰਜਿ ਪ੍ਰਬੰਧਕ ਕਮੇਟੀ ਪ੍ਰਤਾਬਪੁਰਾ ਅਤੇ ਸਮੂਹ ਇਲਾਕਾ ਨਿਵਾਸੀਆਂ , ਗ੍ਰਾਮ ਪੰਚਾਇਤ ਅਤੇ ਐਪ ਆਰ ਆਈ ਵੀਰਾ ਵਲੋਂ ਧੰਨ ਧੰਨ ਬਾਬਾ ਸੈਣ ਭਗਤ ਜੀ ਦਾ ਜਨਮ ਦਿਹਾੜਾ 26 ਦਸੰਬਰ ਨੂੰ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੱਖਣ ਪੱਲ੍ਹਣ , ਸਰਵਣ ਸਿੰਘ ਫੌਜੀ ਸੀਨੀਅਰ ਮੀਤ ਪ੍ਰਧਾਨ, ਚਰਨਜੀਤ ਸਿੰਘ ਦੁੱਗਰੀ ਜਰਨਲ ਸਕੱਤਰ, ਮਾਸਟਰ ਜਸਵਿੰਦਰ ਸਿੰਘ ਤੇ ਮੈਂਬਰਾਂ ਨੇ ਦੱਸਿਆ ਕਿ 24 ਦਸੰਬਰ ਨੂੰ ਸ੍ਰੀ ਆਖੰਡ ਪਾਠ ਆਰੰਭ ਹੋਵੇਗਾ ਤੇ 26 ਦਸੰਬਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਕੀਰਤਨ 11 ਵਜੇ ਤੋਂ 1 ਵਜੇ ਦੁਪਹਿਰ ਤੱਕ ਹੋਵੇਗਾ । ਜਿਸ ਦੇ ਵਿਚ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲੇ ਕੀਰਤਨ ਰਾਹੀ ਸੰਗਤਾਂ ਨੂੰ ਨਿਹਾਲ ਕਰਨਗੇ।

ਫਰਾਰ ਐਸ ਐਚ ਓ ਨਵਦੀਪ ਸਿੰਘ ਨੂੰ ਮਿਲੀ ਜ਼ਮਾਨਤ

ਜਲੰਧਰ (ਸੁਰਿੰਦਰ ਕੁਮਾਰ) ਪੁਲਸ ਡਵੀਜਨ ਨੰਬਰ ਇੱਕ ਵਿੱਚ ਤੈਨਾਤ ਰਹੇ ਤੇ ਕਪੂਰਥਲਾ ਦੇ ਰਹਿਣ ਵਾਲੇ ਢਿੱਲੋਂ ਭਰਾਵਾਂ ਦੇ ਖੁਦਕਸ਼ੀ ਮਾਮਲੇ ਵਿੱਚ ਨਾਮਜਦ ਬਰਖਾਸਤ ਐਸ ਐਚ ਓ ਨਵਦੀਪ ਸਿੰਘ ਨੂੰ ਪਿੱਛਲੇ 100 ਤੋਂ ਭਗੌੜਾ ਰਹਿਣ ਮਗਰੋਂ ਮਾਨਯੋਗ ਸੁਪਰੀਮ ਕੋਰਟ ਨੇ ਅੰਤਰਿਮ ਜਮਾਨਤ ਮਨਜ਼ੂਰ ਕਰ ਲਈ ਹੈ। ਜ਼ਿਕਰਯੋਗ ਹੈ ਕਿ 16 ਅਗਸਤ ਨੂੰ ਜਲੰਧਰ ਦੀ ਪੁਲਸ ਡਵੀਜਨ ਨੰਬਰ ਇੱਕ ਵਿੱਚ ਡਿਊਟੀ 'ਤੇ ਤੈਨਾਤ ਐਸ ਐਚ ਓ ਨਵਦੀਪ ਸਿੰਘ ਦੇ ਕੋਲ ਇੱਕ ਘਰੇਲੂ ਪਰਵਾਰਕ ਵਿਵਾਦ ਕਰਕੇ ਇੱਕ ਲੜਕੀ ਪਰਮਿੰਦਰ ਕੌਰ ਤੇ ਜਸ਼ਨਬੀਰ ਦੇ ਮਾਮਲੇ ਵਿੱਚ ਲੜਕੀ ਪੱਖ ਵੱਲੋ ਆਏ ਦੋ ਭਰਾਵਾਂ ਜਿਨ੍ਹਾਂ ਵਿੱਚ ਇਕ ਭਰਾ ਦੀ ਥਾਣੇ ਅੰਦਰ ਪੱਗ ਲਾਹ ਕੇ ਐਸ ਐਚ ਓ ਨਵਦੀਪ ਸਿੰਘ ਵੱਲੋ ਬੇਇੱਜਤੀ ਕੀਤੀ ਗਈ ਸੀ। ਜਿਸ ਦਾ ਸਦਮਾ ਨਾ ਸਹਾਰਦੇ ਹੋਏ ਦੋ ਢਿੱਲੋਂ ਭਰਾਵਾਂ ਨੇ ਧਾਰੀਵਾਲ ਦੇ ਦਰਿਆ ਵਿੱਚ ਛਾਲ ਮਾਰ ਕੇ ਖੁਦਕਸ਼ੀ ਕਰ ਲਈ ਸੀ । ਜਿਸ ਦੇ ਸਬੰਧ ਵਿੱਚ ਡੀ ਐਸ ਪੀ ਸੁਲਤਾਨਪੁਰ ਵੱਲੋ ਕੀਤੀ ਜਾਂਚ ਤੋ ਬਾਅਦ ਇੱਕ ਭਰਾ ਦੀ ਲਾਸ਼ ਮਿਲ ਗਈ ਸੀ। ਉਸ ਤੋਂ ਬਅਦ ਸੁਲਤਾਨਪੁਰ ਵਿੱਚ ਜਲੰਧਰ ਦੇ ਇਸ ਐਸ ਐਚ ਓ ਨਵਦੀਪ ਸਿੰਘ ਦੇ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਜਿਸ ਤੋਂ ਬਾਅਦ ਜਲੰਧਰ ਦੇ ਪੁਲਸ ਕਮਿਸ਼ਨਰ ਕੁਲਦੀਪ ਸਿੰਘ ਚਾਹਲ ਨੇ ਐਸ ਐਚ ਓ ਨਵਦੀਪ ਸਿੰਘ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਸੀ ਤੇ ਉਹ ਲਗਾਤਾਰ ਫਰਾਰ ਚੱਲ ਰਿਹਾ ਸੀ। ਪਹਿਲਾ ਸ਼ੈਸ਼ਨ ਕੋਰਟ ਤੇ ਫਿਰ ਹਾਈ ਕੋਰਟ ਨੇ ਉਸਦੀ ਜਮਾਨਤ ਦੀ ਅਰਜੀ ਖਾਰਿਜ ਕਰ ਦਿੱਤੀ ਸੀ ਤੇ ਉਹ ਸੁਪਰੀਮਕੋਰਟ ਵਿੱਚ ਪੁਹੰਚਿਆ ਜਿੱਥੇ ਉਸ ਨੂੰ ਫਰਾਰੀ ਦੇ 100 ਦਿਨਾਂ ਬਾਅਦ ਅੰਤਰਿਮ ਜਮਾਨਤ ਮਿਲ ਗਈ। ਇਸ ਮਾਮਲੇ ਵਿੱਚ ਖੁਦਕਸ਼ੀ ਕਰਨ ਵਾਲੇ ਮਾਨਵਜੀਤ ਸਿੰਘ ਜਸ਼ਨਬੀਰ ਸਿੰਘ ਦੋਵਾਂ ਭਰਾਵਾਂ ਨੇ ਦਰਿਆ ਵਿੱਚ ਛਾਲ ਮਾਰੀ ਸੀ।

ਕਾਕੜ ਕਲਾਂ ਦੇ ਪਰਵਾਰ ਨਾਲ ਦੁੱਖ ਪ੍ਰਗਟ

ਕਾਲਾ ਸੰਘਿਆਂ (ਮਨਜੀਤ ਮਾਨ)-ਆਮ ਆਦਮੀ ਪਾਰਟੀ ਦੇ ਹਲਕਾ ਸ਼ਾਹਕੋਟ ਦੇ ਇੰਚਾਰਜ ਰਤਨ ਸਿੰਘ ਕਾਕੜਕਲਾਂ ਦੀ ਅਚਾਨਕ ਸੰਖੇਪ ਬਿਮਾਰੀ ਪਿੱਛੋਂ ਦੇਹਾਂਤ ਹੋਣ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਹੈ ਅਤੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਨੇ ਕਾਕੜ ਕਲਾਂ ਦੇ ਪਰਵਾਰ ਨਾਲ ਦੁੱਖ ਪ੍ਰਗਟ ਕੀਤਾ। ਆਪ ਦੇ ਬਲਾਕ ਪ੍ਰਧਾਨ ਬਲਜੀਤ ਸਿੰਘ ਰੂਪੇਵਾਲੀ, ਪੰਜਾਬ ਪ੍ਰਧਾਨ ਬੀ ਸੀ ਵਿੰਗ ਹਰਜਿੰਦਰ ਸਿੰਘ ਸੀਚੇਵਾਲ, ਜਸਵੰਤ ਸਿੰਘ ਚੱਕਚੇਲਾ, ਝਿਲਮਣ ਸਿੰਘ ਸਿੱਧੂ ਮੁਰੀਦਵਾਲ, ਹਰਜਿੰਦਰ ਸਿੰਘ ਈਦਾ, ਪਰਮਜੀਤ ਸਿੰਘ ਜੱਜ, ਹਰਜਿੰਦਰ ਸਿੰਘ ਮੱਲ੍ਹੀ, ਰਣਜੀਤ ਸਿੰਘ ਕਾਸੂਪੁਰ,ਸਾਬੀ ਖਾਨਪੁਰ, ਗੁਰਵਿੰਦਰ ਸਿੰਘ ਈਸੇਵਾਲ ਆਦਿ ਆਗੂਆਂ ਨੇ ਰਤਨ ਸਿੰਘ ਕਾਕੜ ਕਲਾਂ ਦੀ ਮੌਤ ਨੂੰ ਪਰਵਾਰ ਦੇ ਨਾਲ ਨਾਲ ਇਲਾਕੇ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਿਆ। ਉਹਨਾਂ ਕਿਹਾ ਕਿ ਕਾਕੜ ਕਲਾਂ ਦੀ ਅਗਵਾਈ ਵਿੱਚ ਜਿਥੇ ਇਲਾਕੇ ਦੇ ਲੋਕ ਸਰਕਾਰੇ ਦਰਬਾਰੇ ਆਪਣੇ ਕੰਮ ਬਿਨਾਂ ਰਿਸ਼ਵਤ ਤੇ ਦੇਰੀ ਦੇ ਕਰਵਾਉਂਦੇ ਸਨ ਉਥੇ ਹੀ ਉਨ੍ਹਾਂ ਪਾਰਟੀ ਦੀ ਮਜਬੂਤੀ ਲਈ ਅਨੇਕਾਂ ਯਤਨ ਕੀਤੇ ਜਿਸ ਦੇ ਫਲਸਰੂਪ ਅੱਜ ਵੱਡੀ ਗਿਣਤੀ ਲੋਕ ਪਾਰਟੀ ਨਾਲ ਜੁੜੇ। ਆਗੂਆਂ ਨੇ ਕਿਹਾ ਕਿ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵਾਹਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

ਬਿਸਤ-ਦੁਆਬ ਨਹਿਰ 'ਚੋਂ ਸਾਂਬਰ ਬਾਹਰ ਕੱਢਿਆ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਸਥਾਨਕ ਬਿਸਤ-ਦੁਆਬ ਨਹਿਰ ਵਿੱਚੋਂ ਜੰਗਲੀ ਸਾਂਬਰ ਨੂੰ ਬਾਹਰ ਕੱਢ ਕੇ ਵਣ ਵਿਭਾਗ ਦੇ ਹਵਾਲੇ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਬਿਸਤ ਦੋਆਬ ਨਹਿਰ ਵਿਚ ਘੱਟ ਪਾਣੀ ਹੋਣ ਦੇ ਬਾਵਜੂਦ ਹੜ੍ਹ ਕੇ ਆ ਰਹੇ ਸਾਂਬਰ ਨੂੰ ਲੋਕਾਂ ਨੇ ਦੇਖਿਆ ਤਾਂ ਰਾਹਗੀਰ ਜਨਕ ਰਾਜ, ਰਤਨ ਸਿੰਘ ਅਤੇ ਹੋਰ ਰਾਹਗੀਰਾਂ ਦੀ ਮਦਦ ਨਾਲ ਬਾਹਰ ਕੱਢਿਆ। ਇਸ ਸਾਂਬਰ ਨੂੰ ਵਣ-ਵਿਭਾਗ ਦੇ

18-DEC-PAGE-10.qxd 12/17/2023 10:15 PM Page 1

ਪੰਜਾਬ ਰਾਜ ਪੈਨਸ਼ਨਰਜ਼ ਮਹਾਂ ਸੰਘ ਇਕਾਈ ਸਮਰਾਲਾ ਨੇ 'ਪੈਨਸ਼ਨਰ ਦਿਵਸ' ਮਨਾਇਆ

ਸਮਰਾਲਾ (ਸੁਰਜੀਤ ਸਿੰਘ) : ਪੰਜਾਬ ਰਾਜ ਪੈਨਸ਼ਨਰਜ਼ ਮਹਾਂਸੰਘ ਦੇ ਸਕੱਤਰ ਜਗਤਾਰ ਸਿੰਘ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਥੇਬੰਦੀ ਵੱਲੋਂ 'ਪੈਨਸ਼ਨਰਜ਼ ਦਿਵਸ' ਕੁਲਵੰਤ ਸਿੰਘ ਤਰਕ ਪ੍ਰਧਾਨ ਤੇ ਮਹਿੰਦਰ ਸਿੰਘ ਵਾਈਸ ਪ੍ਰਧਾਨ ਦੀ ਅਗਵਾਈ ਵਿੱਚ ਸਮਰਾਲਾ ਵਿਖੇ ਮਨਾਇਆ ਗਿਆ। ਇਕੱਤਰਤਾ ਵਿੱਚ ਆਏ ਪੈਨਸ਼ਨਰਜ਼ ਸਾਥੀਆਂ ਨਾਲ ਕੁਲਵੰਤ ਸਿੰਘ ਤਰਕ ਵੱਲੋਂ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਪੈਨਸ਼ਨ ਦੇ ਇਤਿਹਾਸ ਸਬੰਧੀ ਪੂਰਨ ਜਾਣਕਾਰੀ ਦਿੱਤੀ, ਦੱਸਿਆ ਕਿ ਪੈਨਸ਼ਨ ਪ੍ਰਾਪਤ ਕਰਨ ਲਈ ਸਮੁੱਚੇ ਮੁਲਾਜ਼ਮਾਂ, ਮਜ਼ਦੂਰਾਂ ਨੂੰ 1947 ਤੋਂ ਬਾਅਦ ਲਗਾਤਾਰ ਸੰਘਰਸ਼ ਕਰਨਾ ਪਿਆ ਤੇ ਕੇਂਦਰ ਸਰਕਾਰ ਵੱਲੋਂ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਪੈਨਸ਼ਨ ਬੰਦ ਕਰ ਦਿੱਤੀ ਗਈ ਸੀ, ਪਰ ਜਥੇਬੰਦੀਆਂ ਦੇ ਲਗਾਤਾਰ ਸੰਘਰਸ਼ ਤੇ ਸੁਪਰੀਮ ਕੋਰਟ ਦੇ ਮਾਨਯੋਗ ਮੁੱਖ ਜੱਜ ਵੱਲੋਂ 17 ਦਸੰਬਰ 1982 ਨੂੰ ਇੱਕ ਫੈਸਲੇ ਰਾਹੀਂ ਮੁਲਾਜ਼ਮਾਂ ਦੀ ਸੇਵਾ ਮੁਕਤੀ 'ਤੇ ਪੈਨਸ਼ਨ ਦਾ ਹੱਕ ਬਹਾਲ ਕੀਤਾ ਗਿਆ। ਆਗੂ ਨੇ ਕਿਹਾ ਕਿ ਸਮੁੱਚੇ ਮੁਲਾਜ਼ਮ ਵਰਗ ਤੇ ਕਿਰਤੀ ਲੋਕਾਂ ਨੂੰ ਹਾਕਮਾਂ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ ਲੰਬੇ ਤੇ ਸਾਂਝੇ ਸੰਘਰਸ਼ਾਂ ਦੇ ਰਾਹ ਪੈਣ ਦੀ ਲੋੜ ਹੈ।

ਉਪਰੋਕਤ ਤੋਂ ਇਲਾਵਾ ਗੁਰਬਖਸ਼ੀਸ਼ ਸਿੰਘ ਤੇ ਅਮੋਲਕ ਸਿੰਘ ਮਾਛੀਵਾੜਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਕੱਤਰਤਾ ਵਿੱਚ ਮੇਲਾ ਸਿੰਘ, ਨੌਰੰਗ ਸਿੰਘ, ਦਲੀਪ ਸਿੰਘ, ਜੋਰਾ ਸਿੰਘ, ਮੋਹਣ ਸਿੰਘ, ਸਮਸ਼ੇਰ ਸਿੰਘ, ਮੇਜਰ ਸਿੰਘ, ਜਰਨੈਲ ਸਿੰਘ, ਸੁਨੀਲ ਕੁਮਾਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਅਖੀਰ ਵਿੱਚ ਸਟੇਜ ਸਕੱਤਰ ਵੱਲੋਂ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

ਦਸਮੇਸ਼ ਮਿਸ਼ਨ ਸਕੂਲ ਦੀ ਰੀਤਇੰਦਰ ਕੌਰ ਬਣੀ ਸਟੇਟ ਚੈਂਪੀਅਨ

ਕੋਟਕਪੂਰਾ (ਰਛਪਾਲ ਭੁੱਲਰ) : ਪ੍ਰਾਈਵੇਟ ਸਕੂਲ ਆਫ ਫੈਡਰੇਸ਼ਨ (ਫੈਪ) ਦੀ ਅਗਵਾਈ 'ਚ ਕਰਵਾਏ ਗਏ ਮੈਗਾ ਓਲੰਪੀਅਡ-2023 'ਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਦੀ ਵਿਦਿਆਰਥਣ ਰੀਤਇੰਦਰ ਕੌਰ ਨੇ ਪੂਰੇ ਪੰਜਾਬ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ, ਜਿਸ ਦੀ ਅਗਵਾਈ ਜਗਜੀਤ ਸਿੰਘ ਧੂਰੀ ਪ੍ਰਧਾਨ ਪ੍ਰਾਈਵੇਟ ਸਕੂਲ ਆਫ ਫੈਡਰੇਸ਼ਨ ਤੇ ਉਨ੍ਹਾ ਦੀ ਸਮੁੱਚੀ ਟੀਮ ਨੇ ਕੀਤੀ। ਸੰਸਥਾ ਦੇ ਐੱਮ. ਡੀ. ਬਲਜੀਤ ਸਿੰਘ ਨੇ ਦੱਸਿਆ ਕਿ ਰੀਤਇੰਦਰ ਕੌਰ ਨੇ ਫੈਪ ਵੱਲੋਂ ਕਰਵਾਏ "ਮੈਗਾ ਓਲੰਪੀਅਡ" ਪੇਪਰ ਵਿੱਚੋਂ ਪੂਰੇ ਪੰਜਾਬ ਵਿੱਚੋਂ ਗ੍ਰੇਡ-12 ਵਿੱਚੋਂ 45 'ਚੋਂ 40 ਅੰਕ ਹਾਸਲ ਕਰਕੇ ਦੂਜਾ ਸਥਾਨ ਹਾਸਲ ਕੀਤਾ ਤੇ ਕਮਲਦੀਪ ਕੌਰ ਨੇ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਫੈਪ ਵੱਲੋਂ ਸਕੂਲ ਦੀ ਇਸ ਹੋਣਹਾਰ ਵਿਦਿਆਰਥਣ ਰੀਤਇੰਦਰ ਕੌਰ ਨੂੰ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਇਕ ਵਿਸ਼ਾਲ ਇਨਾਮ ਵੰਡ ਸਮਾਰੋਹ ਵਿੱਚ ਟਰਾਫੀ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਇਸ ਦੇ ਨਾਲ ਨਾਲ ਸਕੂਲ, ਪ੍ਰਿੰਸੀਪਲ ਤੇ ਟੀਚਰ ਨੂੰ ਵੀ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਵਿੱਚੋਂ ਪੇਪਰ ਦੇਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਸ੍ਰ. ਬਲਜੀਤ ਸਿੰਘ ਨੇ ਦੱਸਿਆ ਕਿ ਇਸ ਪ੍ਰਾਪਤੀ ਦਾ ਸਿਹਰਾ ਸੰਸਥਾ ਦੇ ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ, ਪ੍ਰਿੰਸੀਪਲ ਸਤਵਿੰਦਰ ਕੌਰ ਤੇ ਸਮੂਹ ਸਟਾਫ ਦੇ ਸਿਰ ਜਾਂਦਾ ਹੈ। ਇਸ ਮੌਕੇ ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਵਿਦਿਆਰਥਣ ਰੀਤਇੰਦਰ ਕੌਰ ਦੀ ਇਸ ਪ੍ਰਾਪਤੀ 'ਤੇ ਸਮੂਹ ਸਟਾਫ ਤੇ ਮਾਪਿਆਂ ਨੂੰ ਵਧਾਈਆਂ ਦਿੱਤੀਆਂ।

ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਵਿਸ਼ੇਸ਼ ਮੈਡਲ ਦੇ ਕੇ ਸਨਮਾਨਤ ਕੀਤਾ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੂੰ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਹੋਏ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਆਫ ਪੰਜਾਬ ਦੁਆਰਾ ਆਯੋਜਿਤ ਕੀਤੇ ਗਏ ਸਮਾਗਮ 2023 ਵਿਖੇ ਫੈਡਰੇਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਵੱਲੋਂ ਵਿਸ਼ੇਸ਼ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਜਿਨ੍ਹਾਂ ਵਿੱਚੋਂ ਜਮਾਤ ਤੀਸਰੀ ਦੇ ਵਿਦਿਆਰਥੀ ਏਕਮਜੀਤ, ਹਰਮਨਵੀਰ, ਚੌਥੀ ਜਮਾਤ ਦੇ ਵਿਦਿਆਰਥੀ ਨਵਿਆ ਜੈਨ, ਪੰਜਵੀਂ ਜਮਾਤ ਦੇ ਵਿਦਿਆਰਥੀ ਇਮਰਾਜ, ਤਸ਼ਮੀਤ, ਛੇਵੀਂ ਜਮਾਤ ਦੇ ਵਿਦਿਆਰਥੀ ਸੁਨੀਦੀ, ਏਕਮਜੋਤ ਕੌਰ, ਅਨੰਤ, ਪ੍ਰਗਿਆ, ਪ੍ਰਭਦੀਪ ਕੌਰ, ਸੱਤਵੀਂ ਜਮਾਤ ਵਿੱਚੋਂ ਅਸ਼ਨੀਤ ਕੌਰ, ਜੀਆ, ਅੱਠਵੀਂ ਜਮਾਤ ਵਿੱਚੋਂ ਮਹਿਕਪ੍ਰੀਤ, ਸਿਮਰਨ, ਨੌਵੀਂ ਜਮਾਤ, ਅਰਪਨ, ਅਨਮੋਲ, ਦਸਵੀਂ ਜਮਾਤ ਵਿੱਚੋਂ ਗੌਰਵ, ਕਿਮਰਨ, ਗਿਆਰ੍ਹਵੀਂ ਜਮਾਤ ਵਿੱਚੋਂ ਨਵਜੋਤ, ਸੁਖਪ੍ਰੀਤ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੋਮਲ ਅਗਰਵਾਲ ਨੇ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਅਤੇ ਸਮੂਹ ਸਟਾਫ ਮੈਂਬਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਇਸ ਪ੍ਰੀਖਿਆ ਵਿੱਚ ਸ਼ਾਮਲ ਹੋਣ ਅਤੇ ਕਾਮਯਾਬੀ ਹਾਸਲ ਕਰਨ ਦੀ ਵਧਾਈ ਦਿੱਤੀ।

ਐੱਨ ਐੱਸ ਐੱਸ ਕੈਂਪ ਦੌਰਾਨ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ 45ਵੀਂ ਵਾਰ ਕੀਤਾ ਖੂਨ ਦਾਨ

ਲਹਿਰਾ ਮੁਹੱਬਤ, (ਭੀਮ ਸੈਨ ਹਦਵਾਰੀਆ)-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਰਾਜ ਦੇ ਐੱਨ ਐੱਸ ਐੱਸ ਯੂਨਿਟ ਵੱਲੋਂ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਠਿੰਡਾ ਰਘਵੀਰ ਸਿੰਘ ਮਾਨ ਤੇ ਪ੍ਰਿੰਸੀਪਲ ਗੀਤਾ ਅਰੋੜਾ ਦੀ ਅਗਵਾਈ ਹੇਠ ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਦੀ ਨਿਗਰਾਨੀ ਹੇਠ ਸ਼ੁਰੂ 7 ਰੋਜ਼ਾ ਕੈਂਪ ਦੇ ਪੰਜਵੇਂ ਦਿਨ ਖੂਨਦਾਨ ਕੈਂਪ ਦਾ ਉਦਘਾਟਨ ਤਰਸੇਮ ਢੀਂਗਰਾ ਵੱਲੋਂ ਕੀਤਾ ਗਿਆ। ਖੂਨ ਇਕੱਤਰ ਕਰਨ ਲਈ ਸਰਕਾਰੀ ਹਸਪਤਾਲ ਰਾਮਪੁਰਾ ਫੂਲ ਦੇ ਬਲੱਡ ਬੈਂਕ ਦੀ ਟੀਮ ਪਹੁੰਚੀ। ਪ੍ਰਿੰਸੀਪਲ ਮੈਡਮ ਗੀਤਾ ਅਰੋੜਾ ਨੇ ਬੱਚਿਆਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ ਖੂਨ ਦਾਨ ਦੇ ਗਰੁੱਪਾਂ ਤੇ ਇਸ ਨੂੰ ਦਾਨ ਦੀ ਜ਼ਰੂਰਤ ਬਾਰੇ ਵਿਸਥਾਰ ਨਾਲ ਦੱਸਿਆ। ਲੈਕਚਰਾਰ ਮੈਡਮ ਸੁਮਨ ਰਾਣੀ ਤੇ ਸੁਖਵੀਰ ਕੌਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਮਾਜ ਸੇਵਾ ਵੈੱਲਫੇਅਰ ਸੁਸਾਇਟੀ ਦੇ ਪ੍ਰਧਾਨ ਦੇਵ ਰਾਜ ਵਿਸ਼ੇਸ਼ ਰੂਪ ਵਿੱਚ ਬੱਚਿਆਂ ਨੂੰ ਆਸ਼ੀਰਵਾਦ ਦੇਣ ਪੁੱਜੇ। ਇਸ ਕੈਂਪ ਵਿੱਚ 15 ਯੂਨਿਟ ਖੂਨ ਇਕੱਠਾ ਕੀਤਾ ਗਿਆ। ਪ੍ਰੋਗਰਾਮ ਅਫਸਰ ਮੋਹਿਤ ਭੰਡਾਰੀ ਨੇ ਖੁਦ 45ਵੀਂ ਵਾਰ ਖੂਨ ਦਾਨ ਕੀਤਾ।

ਪ੍ਰਿੰਸੀਪਲ ਗੀਤਾ ਅਰੋੜਾ ਤੇ ਮੈਡਮ ਸੁਮਨ ਰਾਣੀ ਅਤੇ ਐੱਨ. ਐੱਸ. ਐੱਸ. ਵਲੰਟੀਅਰ ਅਮਨ ਅਰੋੜਾ ਨੇ ਪਹਿਲੀ ਵਾਰ ਖੂਨ ਦਾਨ ਕੀਤਾ। ਪ੍ਰੋਗਰਾਮ ਅਫਸਰ ਸੰਜੀਵ ਕੁਮਾਰ ਤੇ ਮਨਦੀਪ ਸਿੰਘ ਬਾਠ ਨੇ ਵੀ ਖੂਨ ਦਾਨ ਕੀਤਾ। ਪੀ ਐੱਨ ਬੀ ਦੇ ਡਾਇਰੈਕਟਰ ਪ੍ਰਵੀਨ ਗੁਪਤਾ ਨੇ ਬੱਚਿਆਂ ਨੂੰ ਬੈਂਕਿੰਗ ਸਿਸਟਮ ਦੀ ਜਾਣਕਾਰੀ ਦਿੱਤੀ। ਹੈਲਥੀ ਟਾਕ ਦੌਰਾਨ

ਪ੍ਰਿੰਸੀਪਲ ਚਮਕੌਰ ਸਿੰਘ ਨੇ ਐੱਨ. ਐੱਸ. ਐੱਸ. ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਬੱਚਿਆਂ ਨੂੰ ਮਨ ਲਗਾ ਕੇ ਪੜ੍ਹਾਈ ਕਰਨ ਲਈ ਉਤਸ਼ਾਹਤ ਕੀਤਾ। ਡਾ. ਸਿੰਮੀ ਬਾਂਸਲ ਨੇ ਔਰਤ ਰੋਗਾਂ, ਇਨ੍ਹਾਂ ਦੀ ਰੋਕਥਾਮ ਤੇ ਲੜਕੀਆਂ ਨੂੰ ਕਿਸ਼ੋਰ ਸਿੱਖਿਆ ਸੰਬੰਧੀ ਜਾਣਕਾਰੀ ਦਿੱਤੀ। ਡਾ. ਜਤਿੰਦਰ ਬਾਂਸਲ ਨੇ ਜਰਨਲ ਬਿਮਾਰੀਆਂ ਤੇ ਡੇਂਗੂ ਸਬੰਧੀ ਵਿਸਥਾਰ ਨਾਲ ਦੱਸਿਆ।

ਕਾਤਰਾਂ

ਸ਼ੈਲਜਾ, ਕਿਰਨਪ੍ਰੀਤ, ਮਨੀਸ਼ਾ ਬੇਰੀ ਤੇ ਮਨੀਸ਼ਾ ਚੁੰਬਰ ਨੂੰ ਬੈਸਟ ਟੀਚਰ ਐਵਾਰਡ

ਧਰਮਕੋਟ (ਗੁਰਦੀਪ ਸਿੰਘ ਭੁੱਲਰ)-ਇਲਾਕੇ ਦੀ ਨਾਮਵਰ ਸੰਸਥਾ ਯੂ ਕੇ ਇੰਟਰਨੈਸ਼ਨਲ ਸਕੂਲ ਦੇ ਅਧਿਆਪਕਾ ਸ਼ੈਲਜਾ, ਕਿਰਨਪ੍ਰੀਤ, ਮਨੀਸ਼ਾ ਬੇਰੀ, ਮਨੀਸ਼ਾ ਚੁੰਬਰ ਨੂੰ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਆਫ ਪੰਜਾਬ ਵੱਲੋਂ ਕਰਵਾਏ ਗਏ 'ਬੈਸਟ ਟੀਚਰ ਐਵਾਰਡ-2023' ਸਮਾਰੋਹ 'ਚ ਫੈਡਰੇਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਮਹਾਨ ਸ਼ਖਸੀਅਤਾਂ ਨੂੰ ਵਿਸ਼ੇਸ਼ ਬੈਸਟ ਟੀਚਰ ਦਾ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਪੂਰੇ ਪੰਜਾਬ ਦੇ ਅਲੱਗ-ਅਲੱਗ ਸਕੂਲਾਂ ਦੇ ਟੀਚਰ ਸ਼ਾਮਲ ਸਨ। ਉਨ੍ਹਾਂ ਨੇ ਉਨ੍ਹਾਂ ਦੀ ਮਿਹਨਤ ਤੇ ਲਗਨ ਦੀ ਸ਼ਲਾਘਾਯੋਗ ਪ੍ਰਸੰਸਾ ਕੀਤੀ ਤੇ ਉਨ੍ਹਾਂ ਦੀ ਇਸ ਕਾਮਯਾਬੀ ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਕੋਮਲ ਅਗਰਵਾਲ ਅਤੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਰਾਣਾ ਬਾਸੀ, ਕੁਲਵੰਤ ਸਿੰਘ ਚੀਮਾ, ਬਲਿਹਾਰ ਸਿੰਘ, ਬਲਕਾਰ ਸਿੰਘ ਤੇ ਸਮੂਹ ਸਟਾਫ ਮੈਂਬਰਾਂ ਨੇ ਟੀਚਰਾਂ ਨੂੰ ਉਨ੍ਹਾਂ ਦੇ ਇਸ ਐਵਾਰਡ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦਾ ਨਿੱਘਾ ਸੁਆਗਤ ਕੀਤਾ।

ਟੈਕਸ ਬਾਰ ਐਸੋਸੀਏਸ਼ਨ ਦੀ ਸਰਬਸੰਮਤੀ ਨਾਲ ਚੋਣ

ਸੰਗਰੂਰ (ਪ੍ਰਵੀਨ ਸਿੰਘ)-ਟੈਕਸ ਬਾਰ ਐਸੋਸੀਏਸ਼ਨ ਦੀ ਸਾਲਾਨਾ ਚੋਣ ਸ੍ਰੀ ਮਨਮਨੋਹਰ ਗੁਪਤਾ ਐਡਵੋਕੇਟ ਰਿਟਰਨਿੰਗ ਅਫਸਰ ਦੀ ਦੇਖ-ਰੇਖ ਹੇਠ ਹੋਈ, ਜਿਸ ਵਿੱਚ ਸਮੂਹ ਵਕੀਲ ਸ਼ਾਮਲ ਹੋਏ। ਇਸ ਮੌਕੇ ਹਾਜ਼ਰ ਵਕੀਲਾਂ ਨੇ ਸਰਬ ਸੰਮਤੀ ਨਾਲ ਸੁਰੇਸ਼ ਜੈਨ ਨੂੰ ਪ੍ਰਧਾਨ, ਮਨੀਸ਼ ਬਾਂਸਲ ਨੂੰ ਜਨਰਲ ਸਕੱਤਰ, ਗੌਰਵ ਗੁਪਤਾ ਨੂੰ ਮੀਤ ਪ੍ਰਧਾਨ, ਸਚਿਨ ਗਰਗ ਨੂੰ ਖਜ਼ਾਨਚੀ, ਮੰਗਤ ਬਾਂਸਲ ਨੂੰ ਜੁਆਇੰਟ ਸਕੱਤਰ ਚੁਣਿਆ। ਚੁਣੇ ਗਏ ਅਹੁਦੇਦਾਰਾਂ ਨੇ ਬਾਰ ਐਸੋਸੀਏਸ਼ਨ ਦੀ ਭਲਾਈ ਲਈ ਯੋਗ ਕਦਮ ਚੁੱਕਣ ਦਾ ਭਰੋਸਾ ਦਿੱਤਾ। ਨਵੀਂ ਕਾਰਜਕਾਰਨੀ ਨੂੰ ਵਧਾਈ ਦਿੰਦਿਆਂ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐੱਮ ਡੀ ਸ੍ਰੀ ਸੰਜੀਵ ਬਾਂਸਲ ਨੇ ਖੁਸ਼ੀ ਦਾ ਪ੍ਰਗਟਾਵਾ ਕੀਤਾ।

ਪ੍ਰਾਇਮਰੀ ਸਕੂਲਾਂ 'ਚ ਮੈਗਾ ਪੀ ਟੀ ਐੱਮ ਕਰਵਾਈ

ਕੋਟ ਈਸੇ ਖਾਂ (ਅਰੋੜਾ)- ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਧਰਮਕੋਟ 2 ਕੰਚਨ ਬਾਲਾ ਵੱਲੋਂ ਸਕੂਲ ਸਿੱਖਿਆ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਬਲਾਕ ਧਰਮਕੋਟ-2 ਦੇ ਸਾਰੇ ਪ੍ਰਾਇਮਰੀ ਸਕੂਲਾਂ ਵਿੱਚ ਮਾਪੇ-ਅਧਿਆਪਕ ਮਿਲਣੀ (ਮੈਗਾ ਪੀ.ਟੀ.ਐੱਮ.) ਦਾ ਆਯੋਜਨ ਕਰਵਾਇਆ ਗਿਆ। ਸੈਂਟਰ ਹੈੱਡ ਟੀਚਰਜ਼ ਸਵਰਨਜੀਤ ਸਿੰਘ ਮਹਿਲ, ਸੰਜੀਵ ਕੁਮਾਰ ਫਤਿਹਗੜ੍ਹ ਕੋਰੋਟਾਨਾ, ਵੀਨਾ ਰਾਣੀ ਮੰਦਰ, ਜਸਕੀਰਤ ਕੌਰ ਫਤਿਹਗੜ੍ਹ ਪੰਜਤੂਰ, ਰੁਬਿੰਦਰ ਕੌਰ ਕੜਿਆਲ, ਕੁਲਵਿੰਦਰ ਸਿੰਘ ਕੋਟ ਈਸੇ ਖਾਂ ਵੱਲੋਂ ਆਪਣੇ ਸੈਂਟਰ ਦੇ ਸਾਰੇ ਸਕੂਲਾਂ ਵਿੱਚ ਇਸ ਮਿਲਣੀ ਦੌਰਾਨ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਵਨ-ਟੂ-ਵਨ ਫੀਡਬੈਕ, ਵਿਦਿਆਰਥੀਆਂ ਦੀ ਕਾਰਗੁਜ਼ਾਰੀ ਬਾਰੇ ਦੱਸਿਆ ਗਿਆ, ਨਾਲ ਹੀ ਸਰਕਾਰੀ ਸਹੂਲਤਾਂ ਬਾਰੇ ਮਾਪਿਆਂ ਨੂੰ ਜਾਣੂੰ ਕਰਵਾਇਆ ਗਿਆ। ਮਿਸ਼ਨ ਸਮਰੱਥ ਦੇ ਸਿੱਖਣ ਪੱਧਰਾਂ ਦੇ ਨਾਲ-ਨਾਲ ਵਿਦਿਆਰਥੀਆਂ ਦੀ ਰੋਜ਼ਾਨਾ ਹਾਜ਼ਰੀ ਯਕੀਨੀ ਬਣਾਉਣ ਲਈ ਮਾਪਿਆਂ ਦਾ ਸਹਿਯੋਗ ਮੰਗਿਆ ਗਿਆ। ਇਸ ਪੀ.ਟੀ.ਐੱਮ. ਦੌਰਾਨ ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਲਾਇਬ੍ਰੇਰੀ ਲੈਗਰ ਦੇ ਬਾਰੇ ਜਾਣਕਾਰੀ ਦਿੱਤੀ ਗਈ। ਸਰਕਾਰੀ ਸਕੂਲਾਂ ਵਿੱਚ ਨਵੇਂ ਦਾਖ਼ਲਿਆਂ ਸਬੰਧੀ ਜਾਣਕਾਰੀ ਵੀ ਦਿੱਤੀ ਗਈ। ਵਿਦਿਆਰਥੀਆਂ ਦੇ ਮਾਪਿਆਂ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ, ਗ੍ਰਾਮ ਪੰਚਾਇਤ ਮੈਂਬਰਾਂ, ਸਰਪੰਚ, ਸਹਿਯੋਗੀ ਸੱਜਣਾਂ ਵੱਲੋਂ ਭਰਪੂਰ ਸ਼ਮੂਲੀਅਤ ਕਰਕੇ ਇਸ ਆਯੋਜਨ ਨੂੰ ਸਫ਼ਲ ਬਣਾਉਣ ਲਈ ਅਧਿਆਪਕਾਂ ਦਾ ਸਹਿਯੋਗ ਕੀਤਾ ਗਿਆ।

ਅਣਪਛਾਤੇ ਵਹੀਕਲ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਇੱਕ ਜ਼ਖਮੀ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਤਲਵੰਡੀ ਭਾਈ ਦੇ ਅਧੀਨ ਆਉਂਦੇ ਪਿੰਡ ਮਾਛੀਬੁਗਰਾ ਦੇ ਨਜ਼ਦੀਕ ਗੋਕਾ ਫੈਕਟਰੀ ਕੋਲ ਅਣਪਛਾਤੇ ਵਹੀਕਲ ਚਾਲਕ ਵੱਲੋਂ ਇਕ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਕੇ ਜ਼ਖਮੀਂ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਵਿੱਕੀ ਅਰੋੜਾ ਪੁੱਤਰ ਸੁਰਿੰਦਰ ਪਾਲ ਵਾਸੀ ਕੈਂਪ ਭੀਮ ਨਗਰ ਮੋਗਾ, ਜ਼ਿਲ੍ਹਾ ਮੋਗਾ ਨੇ ਦੱਸਿਆ ਕਿ ਉਸ ਦਾ ਭਾਣਜਾ ਰੋਹਿਤ ਕੁਮਾਰ ਪੁੱਤਰ

18-Dec-PAGE-11-Majha-23.qxd 12/17/2023 10:25 PM Page 1

ਨਸ਼ੇੜੀ ਪੁੱਤ ਹੱਥੋਂ ਤੰਗ ਆ ਕੇ ਪਿਉ ਨੇ ਲਗਾਇਆ ਚੌਕ 'ਚ ਧਰਨਾ

* ਪੁਲਸ ਪ੍ਰਸ਼ਾਸਨ 'ਤੇ ਲਗਾਏ ਨਸ਼ੇ ਦੇ ਵਪਾਰੀਆਂ ਨੂੰ ਕਾਬੂ ਨਾ ਕਰਨ ਦੇ ਇਲਜ਼ਾਮ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਥਾਣਾ ਭਿੱਖੀਵਿੰਡ ਅਧੀਨ ਪੈਂਦੇ ਇਲਾਕੇ ਵਿੱਚ ਸ਼ਰੇਆਮ ਚਿੱਟਾ ਵਿਕ ਰਿਹਾ ਹੈ, ਪ੍ਰੰਤੂ ਪੁਲਸ ਪ੍ਰਸ਼ਾਸਨ ਨਸ਼ਿਆਂ ਦੇ ਸੌਦਾਗਰਾਂ ਨੂੰ ਫੜਨ ਲਈ ਕੋਈ ਵੀ ਠੋਸ ਕਾਰਵਾਈ ਨਹੀਂ ਕਰ ਰਿਹਾ। ਉਪਰੋਕਤ ਸ਼ਬਦ ਨਸ਼ੇੜੀ ਪੁੱਤ ਹੱਥੋਂ ਤੰਗ ਆ ਕੇ ਗਲ ਵਿੱਚ ਤਖਤੀ ਲਟਕਾ ਕੇ ਭਿੱਖੀਵਿੰਡ ਚੌਕ 'ਚ ਪੁਲਸ ਪ੍ਰਸ਼ਾਸਨ ਖਿਲਾਫ ਰੋਸ ਪ੍ਰਗਟ ਕਰਨ ਲਈ ਧਰਨਾ ਲਗਾ ਕੇ ਬੈਠੇ ਜਗਤਾਰ ਸਿੰਘ ਨਾਮਕ ਵਿਅਕਤੀ ਦੇ ਹਨ। ਪੱਤਰਕਾਰਾਂ ਨਾਲ ਆਪਣੀ ਦੁੱਖ ਭਰੀ ਦਾਸਤਾਨ ਸਾਂਝੀ ਕਰਦਿਆਂ ਜਗਤਾਰ ਸਿੰਘ ਨੇ ਦੱਸਿਆ ਕਿ ਉਸ ਦਾ ਨੌਜਵਾਨ ਪੁੱਤਰ ਨਸ਼ੇੜੀ ਹੈ ਅਤੇ ਉਸ ਨੇ ਆਪਣੇ ਨਸ਼ਿਆਂ ਦੀ ਪੂਰਤੀ ਲਈ ਘਰ ਦਾ ਸਾਰਾ ਸਾਮਾਨ ਵੇਚ ਦਿੱਤਾ ਹੈ। ਜਗਤਾਰ ਸਿੰਘ ਨੇ ਗਲ ਵਿੱਚ ਤਖਤੀ ਪਾ ਕੇ ਜਿਸ 'ਤੇ ਕਫਨ ਬੋਲ ਪਿਆ, ਨਸ਼ੇ ਨਾਲ ਪੁੱਤਾਂ ਦੀ ਮੌਤ ਦੀ ਸਰਕਾਰ ਜ਼ਿੰਮੇਵਾਰ, ਲਿਖਿਆ ਹੋਇਆ ਅਤੇ ਨੌਜਵਾਨਾਂ ਦੀ ਮੌਤ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਮੌਕੇ ਭਿੱਖੀਵਿੰਡ ਪੁਲਸ 'ਤੇ ਇਲਜ਼ਾਮ ਲਗਾਉਂਦਿਆਂ ਜਗਤਾਰ ਸਿੰਘ ਨੇ ਕਿਹਾ ਕਿ ਭਿੱਖੀਵਿੰਡ 'ਚ ਸ਼ਰੇਆਮ ਚਿੱਟਾ ਵਿਕਦਾ ਹੈ, ਪ੍ਰੰਤੂ ਪੁਲਸ ਨਸ਼ੇ ਦੇ ਵਪਾਰੀਆਂ ਨੂੰ ਕਾਬੂ ਨਹੀਂ ਕਰਦੀ। ਜਗਤਾਰ ਸਿੰਘ ਦਾ ਕਹਿਣਾ ਹੈ ਕਿ ਉਹ ਇਸ ਮਾਮਲੇ ਸੰਬੰਧੀ ਅਨੇਕਾਂ ਦਰਖਾਸਤਾਂ ਸਬ ਡਵੀਜ਼ਨ ਦੇ ਡੀਐੱਸਪੀ ਅਤੇ ਥਾਣਾ ਖਾਲੜਾ ਦੇ ਐੱਸਐੱਚਓ ਨੂੰ ਦੇ ਚੁੱਕੇ ਹਨ, ਪ੍ਰੰਤੂ ਪੁਲਸ ਵੱਲੋਂ ਉਨ੍ਹਾਂ ਦੀਆਂ ਦਰਖਾਸਤਾਂ 'ਤੇ ਕੋਈ ਵੀ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਇਸਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਉਹ ਕਈ ਵਾਰ ਮੁੱਖ ਮੰਤਰੀ ਪੰਜਾਬ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਡਿਪਟੀ ਕਮਿਸ਼ਨਰ ਤਰਨ ਤਾਰਨ ਸਮੇਤ ਐੱਸਐੱਸਪੀਜ਼ ਨੂੰ ਵੀ ਪੁਕਾਰ ਲਗਾ ਚੁੱਕੇ ਹਨ, ਪ੍ਰੰਤੂ ਅੱਜ ਤੱਕ ਕਿਸੇ ਵੀ ਮੰਤਰੀ ਜਾਂ ਸਰਕਾਰੀ ਅਧਿਕਾਰੀ ਨੇ ਨਸ਼ੇ ਦੇ ਸੌਦਾਗਰਾਂ ਖਿਲਾਫ ਕੋਈ ਵੀ ਢੁੱਕਵੀਂ ਕਾਰਵਾਈ ਨਹੀਂ ਕੀਤੀ। ਉਨ੍ਹਾਂ ਦੱਸਿਆ ਕਿ ਪੁਲਸ ਉਨ੍ਹਾਂ ਨੂੰ ਝੂਠੇ ਦਿਲਾਸੇ ਦੇ ਕੇ ਘਰ ਤੋਰ ਦਿੰਦੀ ਹੈ। ਜਗਤਾਰ ਸਿੰਘ ਨੇ ਦੱਸਿਆ ਕਿ ਉਸ ਦੇ ਪੁੱਤਰ ਨੇ ਨਸ਼ਿਆਂ ਦੀ ਦਲਦਲ ਵਿੱਚ ਫਸ ਕੇ ਆਪਣੀ ਜ਼ਿੰਦਗੀ ਖਰਾਬ ਕਰ ਲਈ ਹੈ। ਉਸ ਨੇ ਦੱਸਿਆ ਕਿ ਉਹ ਚੌਕ ਵਿੱਚ ਧਰਨਾ ਲਗਾ ਕੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਕੁੰਭਕਰਨੀ ਨੀਂਦ ਸੁੱਤੀ ਸਰਕਾਰ ਅਤੇ ਪੁਲਸ ਪ੍ਰਸ਼ਾਸਨ ਨੂੰ ਨਸ਼ਿਆਂ ਦੇ ਸੌਦਾਗਰਾਂ ਨੂੰ ਫੜ ਕੇ ਸੂਬੇ ਦੀ ਜਵਾਨੀ ਨੂੰ ਬਚਾਉਣ ਦਾ ਸੰਦੇਸ਼ ਦੇਣਾ ਚਾਹੁੰਦਾ ਹੈ। ਉੱਧਰ ਮੌਕੇ 'ਤੇ ਪਹੁੰਚ ਕੇ ਐੱਸਐੱਚਓ ਭਿੱਖੀਵਿੰਡ ਗੁਰਚਰਨ ਸਿੰਘ ਵੱਲੋਂ ਜਗਤਾਰ ਸਿੰਘ ਨੂੰ ਭਰੋਸਾ ਦਿਵਾਇਆ ਗਿਆ ਕਿ ਉਨ੍ਹਾਂ ਵੱਲੋਂ ਦਰਜ ਕਰਵਾਈਆਂ ਗਈਆਂ ਦਰਖਾਸਤਾਂ ਅਤੇ ਬਿਆਨਾਂ ਦੇ ਆਧਾਰ 'ਤੇ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਸ ਮੌਕੇ ਥਾਣਾ ਮੁਖੀ ਭਿੱਖੀਵਿੰਡ ਨੇ ਇਲਾਕਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਬੇਝਿਜਕ ਨਸ਼ੇ ਦੇ ਸੌਦਾਗਰਾਂ ਦੀ ਜਾਣਕਾਰੀ ਥਾਣੇ ਦੇਣ। ਉਨ੍ਹਾਂ ਕਿਹਾ ਕਿ ਜਾਣਕਾਰੀ ਸਾਂਝੀ ਕਰਨ ਵਾਲੇ ਵਿਅਕਤੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਦੇ ਇੱਛੁਕ ਨੌਜਵਾਨਾਂ ਨੂੰ ਪੁਲਸ ਰੀਹੈਬ ਸੈਂਟਰਾਂ ਵਿੱਚ ਭੇਜੇਗੀ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਮਾਜ ਨੂੰ ਖੁਸ਼ਹਾਲ ਬਣਾਉਣ ਲਈ ਕੁਰਬਾਨੀ ਦਿੱਤੀ: ਮਾੜੀਮੇਘਾ

ਭਿੱਖੀਵਿੰਡ (ਨਜ਼ਸ)-ਸੀ. ਪੀ. ਆਈ. ਬਲਾਕ ਭਿੱਖੀਵਿੰਡ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼ ਕੈਂਪ ਟਹਿਲ ਸਿੰਘ ਲੱਧੂ, ਪਰਮਜੀਤ ਕੌਰ ਮਾੜੀਮੇਘਾ, ਗੁਰਪਿੰਦਰ ਸਿੰਘ ਕਲਸੀਆਂ ਦੀ ਅਗਵਾਈ ਹੇਠ ਸ਼ਹੀਦ ਸੁੱਖਾ ਸਿੰਘ ਮਾੜੀ ਕੰਬੋਕੇ ਦੀ ਯਾਦ ਵਿੱਚ ਚੇਲਾ ਮੋੜ ਭਿੱਖੀਵਿੰਡ ਵਿਖੇ ਬਣੇ ਗੁਰਦੁਆਰਾ ਸਾਹਿਬ ਵਿਖੇ ਲਾਇਆ ਗਿਆ। ਸੰਬੋਧਨ ਕਰਦਿਆਂ ਸੀ. ਪੀ. ਆਈ. ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਨੇ ਮਨੁੱਖਤਾ ਦੀ ਭਲਾਈ, ਸਮਾਜ ਵਿੱਚ ਖੁਸ਼ਹਾਲੀ ਤੇ ਸ਼ਾਂਤੀ ਬਹਾਲ ਕਰਨ ਲਈ ਕੁਰਬਾਨੀ ਦਿੱਤੀ ਸੀ। ਮੁਗਲ ਹਾਕਮ ਔਰੰਗਜ਼ੇਬ ਦੀ ਇਹ ਨੀਤੀ ਸੀ ਕਿ ਹਿੰਦੂਸਤਾਨ ਦੀ ਸਾਰੀ ਵਸੋਂ ਨੂੰ ਮੁਸਲਮਾਨ ਬਣਾਇਆ ਜਾਵੇ। ਜਿਹੜਾ ਵੀ ਉਸ ਦਾ ਵਿਰੋਧ ਕਰੇ ਉਸ ਦਾ ਖਾਤਮਾ ਕਰ ਦਿੱਤਾ ਜਾਵੇ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂ ਕਮਿਊਨਿਟੀ ਦੀ ਰੱਖਿਆ ਵਾਸਤੇ ਬਲੀ ਦਿੱਤੀ। ਉਹ ਵੀ ਆਪਣੇ ਬਾਲ ਪੁੱਤਰ ਗੋਬਿੰਦ ਦੇ ਕਹਿਣ 'ਤੇ। ਜਦੋਂ ਕਸ਼ਮੀਰੀ ਪੰਡਿਤ ਗੁਰੂ ਜੀ ਪਾਸ ਆਏ ਤੇ ਕਿਹਾ ਕਿ ਔਰੰਗਜ਼ੇਬ ਸਾਡੇ 'ਤੇ ਜ਼ੁਲਮ ਕਰ ਰਿਹਾ ਹੈ, ਜ਼ਬਰਦਸਤੀ ਮੁਸਲਮਾਨ ਬਣਾ ਰਿਹਾ ਹੈ ਤੇ ਸਾਡੀ ਮਦਦ ਕੀਤੀ ਜਾਵੇ ਤੇ ਗੋਬਿੰਦ ਨੇ ਕਿਹਾ ਕਿ ਤੁਹਾਡੇ ਤੋਂ ਬਗੈਰ ਇਨ੍ਹਾਂ ਦੀ ਮਦਦ ਕੌਣ ਕਰ ਸਕਦਾ ਹੈ। ਜਦੋਂ ਔਰੰਗਜ਼ੇਬ ਨੂੰ ਪਤਾ ਲੱਗਾ ਤਾਂ ਉਸ ਨੇ ਆਪਣੇ ਏਲਚੀਆਂ ਰਾਹੀਂ ਗੁਰੂ ਜੀ ਨੂੰ ਹੁਕਮ ਕੀਤਾ ਕਿ ਉਹ ਦਿੱਲੀ ਵਿਖੇ ਮੇਰੇ ਦਰਬਾਰ ਵਿੱਚ ਆ ਕੇ ਜਵਾਬ ਦੇਵੇ। ਗੁਰੂ ਜੀ ਪਹੁੰਚ ਗਏ ਤੇ ਨਾਲ ਉਨ੍ਹਾਂ ਦੇ ਸਨ ਭਾਈ ਦਿਆਲਾ, ਭਾਈ ਸਤੀ ਦਾਸ ਤੇ ਭਾਈ ਮਤੀ ਦਾਸ। ਗੁਰੂ ਸਮੇਤ ਤਿੰਨਾਂ ਨੂੰ ਘੋਰ ਤਸੀਹੇ ਦਿੱਤੇ ਗਏ ਤੇ ਕਿਹਾ ਗਿਆ ਕਿ ਤੁਹਾਡਾ ਬਚਾਅ ਇਸ ਵਿੱਚ ਹੈ ਕਿ ਤੁਸੀਂ ਮੁਸਲਿਮ ਧਰਮ ਗ੍ਰਹਿਣ ਕਰ ਲਵੋ। ਉਨ੍ਹਾਂ ਨੇ ਜ਼ੁਲਮ ਝੱਲ ਲਏ ਪਰ ਔਰੰਗਜ਼ੇਬ ਦਾ ਹੁਕਮ ਨਾ ਮੰਨਿਆ। ਅਖੀਰ ਜ਼ਾਲਮ ਔਰੰਗਜ਼ੇਬ ਨੇ ਭਾਈ ਦਿਆਲਾ, ਭਾਈ ਸਤੀ ਦਾਸ ਤੇ ਭਾਈ ਮਤੀ ਦਾਸ ਨੂੰ ਰੂੰ ਵਿੱਚ ਲਿਪੇਟ ਕੇ ਤੇ ਉਬਲਦੀ ਦੇਗ ਵਿੱਚ ਉਬਾਲ ਕੇ ਸ਼ਹੀਦ ਕਰ ਦਿੱਤਾ। ਗੁਰੂ ਜੀ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ। ਗੁਰੂ ਜੀ ਦੇ ਧੜ ਦਾ ਸਸਕਾਰ ਭਾਈ ਜੈਤੇ ਨੇ ਆਪਣਾ ਘਰ ਸਾੜ ਕੇ ਕੀਤਾ ਤੇ ਸੀਸ ਦਿੱਲੀ ਤੋਂ ਲਿਆ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਆਨੰਦਪੁਰ ਭੇਟ ਕੀਤਾ। ਸੰਬੋਧਨ ਕਰਦਿਆਂ ਪੰਜਾਬ ਇਸਤਰੀ ਸਭਾ ਦੀ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਮਾੜੀਮੇਘਾ ਨੇ ਕਿਹਾ ਕਿ ਔਰਤਾਂ ਸਮਾਜ ਦਾ ਅੱਧ ਹਨ ਪਰ ਉਨ੍ਹਾਂ ਨੂੰ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਨਹੀਂ ਕਰਦੇ। ਜੇ ਦੇਸ਼ ਦੀ ਵਸੋਂ ਦਾ ਅੱਧ ਪਾਰਟੀ ਵਿੱਚ ਆਵੇਗਾ ਹੀ ਨਹੀਂ ਤਾਂ ਕਮਿਊਨਿਸਟ ਇਨਕਲਾਬ ਕਿਸ ਤਰ੍ਹਾਂ ਆ ਸਕਦਾ। ਇਸ ਲਈ ਔਰਤਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਜਾਵੇ। ਕੈਂਪ ਨੂੰ ਸੀ. ਪੀ. ਆਈ. ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਸੁਖਦੇਵ ਸਿੰਘ ਕਾਲਾ, ਬੀਬੀ ਸਰੋਜ ਮਲਹੋਤਰਾ ਭਿੱਖੀਵਿੰਡ, ਡਾਕਟਰ ਰਸਾਲ ਸਿੰਘ ਪਹੂਵਿੰਡ ਤੇ ਜਸਪਾਲ ਸਿੰਘ ਕਲਸੀਆਂ ਨੇ ਵੀ ਸੰਬੋਧਨ ਕੀਤਾ। ਕੈਂਪ ਵਿੱਚ ਮਤਾ ਪਾਸ ਕੀਤਾ ਗਿਆ ਕਿ ਨਰੇਗਾ ਦਾ ਕੰਮ ਸਾਲ ਵਿੱਚ 200 ਦਿਨ ਤੇ ਦਿਹਾੜੀ 700 ਰੁਪਏ ਕੀਤੀ ਜਾਵੇ। ਨਰੇਗਾ ਕੰਮ ਪਿੰਡ ਪੂਹਲੇ ਤੇ ਬਾਸਰਕੇ ਨੂੰ ਫੌਰੀ ਤੌਰ 'ਤੇ ਦਿੱਤਾ ਜਾਵੇ। ਨਰੇਗਾ ਸਕੀਮ ਅਧੀਨ ਕੀਤੇ ਕੰਮ ਦੇ ਪੈਸੇ ਕਾਮਿਆਂ ਦੇ ਖਾਤਿਆਂ ਵਿੱਚ ਜਲਦੀ ਪਾਏ ਜਾਣ।

2 ਨੂੰ ਦਾਣਾ ਮੰਡੀ ਜੰਡਿਆਲਾ ਗੁਰੂ ਵਿਖੇ ਹੋਵੇਗੀ ਵਿਸ਼ਾਲ ਰੈਲੀ : ਕਿਸਾਨ ਆਗੂ

ਮੀਆਂਵਿੰਡ (ਰਵੀ ਖਹਿਰਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਤਰਨਤਾਰਨ ਦੀ ਜਨਰਲ ਬਾਡੀ ਦੀ ਮੀਟਿੰਗ ਗੁਰਦੁਆਰਾ ਬਾਬਾ ਬੁਰਜੀ ਵਾਲਾ ਦੇ ਅਸਥਾਨ ਤੇ ਜ਼ਿਲ੍ਹਾ ਪ੍ਰਧਾਨ ਅਤੇ ਸੂਬਾ ਆਗੂ ਸਤਨਾਮ ਸਿੰਘ ਮਾਣੋਚਾਹਲ ਦੀ ਅਗਵਾਈ ਹੇਠ ਕੀਤੀ ਗਈ ਜਿਸ ਵਿੱਚ ਸੂਬਾ ਆਗੂ ਅਤੇ ਜ਼ਿਲ੍ਹਾ ਇੰਚਾਰਜ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਜ਼ਿਲ੍ਹਾ ਸਕੱਤਰ ਅਤੇ ਸੂਬਾ ਆਗੂ ਹਰਜਿੰਦਰ ਸਿੰਘ ਸ਼ਕਰੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਿਛਲੇ ਸਮੇਂ ਵਿੱਚ ਜਿਹੜੀਆਂ ਮੰਗਾਂ ਮੰਨੀਆਂ ਹੋਈਆਂ ਸਨ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ ਸੀ ਜਿਸ ਦੇ ਵਿਰੋਧ ਵਿੱਚ ਪੰਜਾਬ ਵਿੱਚ ਦੋ ਵੱਡੀਆਂ ਰੈਲੀਆਂ ਮਾਝੇ ਅਤੇ ਮਾਲਵੇ ਵਿੱਚ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਅਤੇ ਭਰਾਤਰੀ ਜਥੇਬੰਦੀਆਂ ਅਤੇ ਗੈਰ-ਰਾਜਨੀਤਕ ਸੰਯੁਕਤ ਕਿਸਾਨ ਮੋਰਚੇ ਦੇ ਸਹਿਯੋਗ ਨਾਲ 2 ਜਨਵਰੀ 2024 ਨੂੰ ਜੰਡਿਆਲਾ ਗੁਰੂ ਦਾਣਾ ਮੰਡੀ ਵਿਖੇ ਵੱਡੀ ਰੈਲੀ ਕੀਤੀ ਜਾ ਰਹੀ ਹੈ ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨ, ਮਜ਼ਦੂਰ, ਮਾਤਾਵਾਂ, ਭੈਣਾਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰ ਰਹੇ ਹਨ। 21, 22 ਅਤੇ 25 ਦਸੰਬਰ ਨੂੰ ਬੀਬੀਆਂ ਦੀਆਂ ਕਨਵੈਨਸ਼ਨਾਂ ਕਰ ਕੇ ਬੀਬੀਆਂ ਦੇ ਵੱਡੇ ਇਕੱਠ ਕਰ ਕੇ 2 ਜਨਵਰੀ ਦੀ ਰੈਲੀ ਵਾਸਤੇ ਲਾਮਬੰਦ ਕੀਤਾ ਜਾ ਰਿਹਾ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਪੰਜਾਬ ਵਿੱਚ ਰੈਲੀਆਂ ਕਰਨ ਤੋਂ ਬਾਅਦ ਸੈਂਟਰ ਦੀ ਮੋਦੀ ਸਰਕਾਰ ਵਿਰੁੱਧ ਵੱਡੇ ਪੱਧਰ 'ਤੇ ਦਿੱਲੀ ਵਿਖੇ ਧਰਨਾ ਲਗਾਉਣ ਦਾ ਐਲਾਨ ਵੀ ਕੀਤਾ ਜਾਵੇਗਾ ਕਿਉਂਕਿ ਪਿਛਲੇ ਸਮੇਂ ਵਿੱਚ ਜੋ ਦਿੱਲੀ ਵਿਖੇ ਧਰਨਾ ਲੱਗਾ ਸੀ, ਉਸ ਧਰਨੇ ਦੇ ਦਬਾਅ ਵਿੱਚ ਸਰਕਾਰ ਨੇ ਤਿੰਨੇ ਕਾਲੇ ਕਾਨੂੰਨ ਵਾਪਿਸ ਕਰਨ ਦਾ ਐਲਾਨ ਕੀਤਾ ਸੀ ਪਰ ਉਨ੍ਹਾਂ ਨੂੰ ਲਾਗੂ ਨਹੀਂ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ, ਰੇਸ਼ਮ ਸਿੰਘ ਘੁਰਕਵਿੰਡ, ਦਿਆਲ ਸਿੰਘ ਮੀਆਂਵਿੰਡ, ਪ੍ਰਿੰਸੀਪਲ ਨਵਤੇਜ ਸਿੰਘ ਏਕਲ ਗੱਡਾ, ਸਤਨਾਮ ਸਿੰਘ ਖੋਜਕੀਪੁਰ, ਦਿਲਬਾਗ ਸਿੰਘ ਪਹੁਵਿੰਡ, ਨਿਰੰਜਨ ਸਿੰਘ ਬਰਗਾੜੀ, ਨਿਰਵੈਰ ਸਿੰਘ ਧੁੰਨ, ਅਜੀਤ ਸਿੰਘ ਚੰਬਾ, ਇਕਬਾਲ ਸਿੰਘ ਵੜਿੰਗ, ਪਰਮਜੀਤ ਸਿੰਘ ਛੀਨਾ, ਮਨਜੀਤ ਸਿੰਘ, ਹਰਜਿੰਦਰ ਸਿੰਘ ਸਿੱਧਵਾਂ, ਸੁਖਚੈਨ ਸਿੰਘ ਅੱਲੋਵਾਲ, ਪਾਖਰ ਸਿੰਘ ਲਾਲਪੁਰਾ, ਮਨਜਿੰਦਰ ਸਿੰਘ ਗੋਹਲਵੜ, ਕੁਲਵੰਤ ਸਿੰਘ ਭੈਲ, ਕੁਲਵਿੰਦਰ ਸਿੰਘ ਕੈਰੋਵਾਲ, ਬਲਜੀਤ ਸਿੰਘ ਝਬਾਲ, ਸੁਖਦੇਵ ਸਿੰਘ ਦੁੱਬਲੀ, ਸਵਿੰਦਰ ਸਿੰਘ ਵਲੀਪੁਰ, ਆਤਮਾ ਸਿੰਘ, ਗੁਰਭੇਜ ਸਿੰਘ ਧਾਰੀਵਾਲ ਅਤੇ ਸੁਖਵਿੰਦਰ ਸਿੰਘ ਦੁਗਲਵਾਲਾ ਹਾਜ਼ਰ ਸਨ।

ਅੰਗਰੇਜ਼ੀ ਸਕੂਲਾਂ 'ਚ ਬੱਚਿਆਂ ਦੀ ਮੁਫਤ ਪੜ੍ਹਾਈ ਸਬੰਧੀ ਕਾਨੂੰਨ 'ਚ ਸੋਧ ਕਰਨ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅੰਗਰੇਜ਼ੀ ਸਕੂਲਾਂ 'ਚ ਗਰੀਬ ਬੱਚੇ ਮੁਫਤ ਪੜ੍ਹ ਸਕਣ, ਇਸ ਲਈ ਪੰਜਾਬ ਸਰਕਾਰ ਨੂੰ ਸਿੱਖਿਆ ਦਾ ਅਧਿਕਾਰ ਕਾਨੂੰਨ 2009 'ਚ ਲੋੜੀਂਦੀ ਸੋਧ ਕਰਨੀ ਚਾਹੀਦੀ ਹੈ। ਸਿੱਖਿਆ ਦਾ ਅਧਿਕਾਰ ਕਾਨੂੰਨ ਰੂਲਜ਼ 2011 ਦੀ ਧਾਰਾ 7 (4) ਨੂੰ ਨੋਟੀਫੀਕੇਸ਼ਨ ਚੋਂ ਮਨਫੀ ਕਰਵਾਉਣ ਲਈ 3 ਕਰੋੜ ਮਾਪਿਆਂ ਅਤੇ ਲੋੜਵੰਦ ਬੱਚਿਆਂ ਨੂੰ ਕੇਂਦਰੀ ਯੋਜਨਾਵਾਂ ਤਹਿਤ ਮਿਆਰੀ ਤੇ ਲਾਜ਼ਮੀ ਸਿੱਖਿਆ ਮੁਫਤ ਮਾਨਤਾ ਪ੍ਰਾਪਤ ਸਕੂਲਾਂ ਤੋਂ ਦਵਾਉਣ ਲਈ ਪੰਜਾਬ ਦੇ ਵੱਡੇ ਖਿੱਤੇ 'ਚੋਂ ਮੰਗ ਉਠਣੀ ਸ਼ੁਰੂ ਹੋ ਗਈ ਹੈ। ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਅਤੇ ਆਰਟੀਆਆਈ ਕਾਰਕੁੰਨ ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਜੇਕਰ ਵਾਕਿਆ ਹੀ ਆਮ ਆਦਮੀਂ ਪਾਰਟੀ ਦੀ ਸੂਬਾ ਸਰਕਾਰ ਗਰੀਬ ਬੱਚਿਆਂ ਨੂੰ ਇੰਗਲਿਸ਼ ਸਕੂਲਾਂ 'ਚ ਮਿਆਰੀ ਵਿੱਦਿਆ ਮੁਫਤ ਦਿਵਾਉਣ ਦੇ ਹੱਕ 'ਚ ਹੈ ਤਾਂ ਸਿੱਖਿਆ ਦਾ ਅਧਿਕਾਰ ਕਾਨੂੰਨ ਰੂਲਜ਼ 2011 ਦੀ ਧਾਰਾ 7(4) ਦੀ 'ਮੱਦ' ਨੂੰ ਐਕਟ 'ਚੋਂ ਹਟਾਉਣ ਲਈ ਪੰਜਾਬ ਵਿਧਾਨ ਸਭਾ 'ਚ ਸੋਧ ਬਿੱਲ ਲਿਆਵੇ ਤਾਂ ਕਿ ਮਾਨਤਾ ਪ੍ਰਾਪਤ ਸਕੂਲਾਂ ਨੂੰ ਮੁਫਤ ਬੱਚੇ ਪੜ੍ਹਾਉਣ ਬਦਲੇ ਸਰਕਾਰੀ ਵਿੱਤੀ ਸਹਾਇਤਾ ਮਿਲਣ ਦਾ ਰਾਹ ਪੱਧਰਾ ਹੋ ਸਕੇ। ਸਮਾਜ ਸੈਵੀ ਅੰਮ੍ਰਿਤਪਾਲ ਸਿੰਘ ਸ਼ਾਹਪੁਰ ਨੇ ਸਿੱਖਿਆ ਦੇ ਵਿਸ਼ੇ 'ਤੇ ਆਪਣੀ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਪੰਜਾਬ 'ਚ 25% ਕੋਟੇ ਦੀਆਂ ਸੀਟਾਂ ਅੰਗਰੇਜ਼ੀ ਸਕੂਲਾਂ 'ਚ ਲਾਗੂ ਕਰਨ ਲਈ ਆ ਰਹੀ ਅੜਚਣ ਨੂੰ ਦੂਰ ਕਰਨ ਲਈ ਕੈਬਨਿਟ ਦੀ ਮੀਟਿੰਗ 'ਚ ਵਿਚਾਰ ਚਰਚਾ ਕਰਨੀ ਚਾਹੀਦੀ ਹੈ। ਚੋਟੀ ਦੇ ਸਿਆਸਤਦਾਨ ਡਾਕਟਰ ਤਰਸੇਮ ਸਿੰਘ ਸਿਆਲਕਾ ਨੇ ਕਿਹਾ ਕਿ, "ਜਿਸ ਕਨੂੰਨ ਨਾਲ ਗਰੀਬ ਗੁਰਬੇ ਨੂੰ ਰਾਹਤ ਮਿਲੇ ਉਹ ਕਨੂੰਨ ਬਿਨਾ ਦੇਰੀਨ ਪੰਜਾਬ ਸਰਕਾਰ ਨੂੰ ਲੋਕ ਹਿੱਤ 'ਚ ਲਾਗੂ ਕਰ ਦੇਣਾ ਚਾਹੀਦਾ ਹੈ, ਡਾ ਸਿਆਲਕਾ ਨੇ ਕਿਹਾ ਕਿ ਆਰਟੀਆਈ ਐਕਟ 2009 ਗਰੀਬੀ

18-Dec-PAGE-12.qxd 12/17/2023 10:36 PM Page 1

ਜਨਮ ਦਿਨ ਮੁਬਾਰਕ



ਇਸ਼ਮਾਨ ਭੰਡਾਰੀ, ਧੂਰੀ

ਹਸਰਤ ਕੌਰ, ਬਠਿੰਡਾ

ਗੁਰਅਸੀਸ ਕੌਰ, ਬਠਿੰਡਾ

ਵਰ੍ਹੇਗੰਢ ਮੁਬਾਰਕ

ਸੁਖਵਿੰਦਰ ਸਿਘ ਤੇ ਸ੍ਰੀਮਤੀ ਸੁਖਵਿੰਦਰ ਕੌਰ ਵਾਸੀ ਫਤਿਆਬਾਦ (ਤਰਨ ਤਾਰਨ) ਨੇ ਆਪਣੇ ਵਿਆਹ ਦੀ 32ਵੀਂ ਵਰ੍ਹੇਗੰਢ ਮਨਾਈ

ਹਰਵਿੰਦਰ ਸਿਘ ਭੁੰਗਰਨੀ ਤੇ ਜਸਵੀਰ ਕੌਰ ਵਾਸੀ ਪਿੰਡ ਭੁੰਗਰਨੀ, ਹੁਸ਼ਿਆਰਪੁਰ ਨੇ ਆਪਣੇ ਵਿਆਹ ਦੀ 26ਵੀਂ ਵਰ੍ਹੇਗੰਢ ਮਨਾਈ।

ਸ਼ਹਿਨਾਈਆਂ



ਮਨਧੀਰ ਸਿਘ ਬਡਰੁੱਖਾਂ ਦਾ ਸ਼ੁਭ ਵਿਆਹ ਜਸਲੀਨ ਕੌਰ ਮੋਹਾਲੀ ਨਾਲ ਹੋਇਆ।

ਅਮਨਦੀਪ ਸਿਘ ਲੁਧਿਆਣਾ ਦਾ ਸ਼ੁਭ ਵਿਆਹ ਜਸਪ੍ਰੀਤ ਕੌਰ ਲੁਧਿਆਣਾ ਨਾਲ ਹੋਇਆ।

ਬੀ ਐੱਸ ਐੱਨ ਐੱਲ ਬਰਾਂਚ ਨਵਾਂਸ਼ਹਿਰ ਵੱਲੋਂ ਪੈਨਸ਼ਨਰਜ਼-ਡੇ ਧੂਮਧਾਮ ਨਾਲ ਮਨਾਇਆ

ਬਹਿਰਾਮ (ਅਵਤਾਰ ਕਲੇਰ)

ਆਲ ਇੰਡੀਆ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ (ਬੀ ਐੱਸ ਐਨ ਐਲ) ਬਰਾਂਚ ਨਵਾਂਸ਼ਹਿਰ ਵੱਲੋਂ ਪੈਨਸ਼ਨਰਜ਼ ਡੇ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰਧਾਨਗੀ ਜਰਨੈਲ ਸਿੰਘ ਪਨਾਮ ਨੇ ਕੀਤੀ। ਇਸ ਸਮਾਗਮ ਵਿੱਚ ਕੌਮੀ ਆਗੂ ਕਾਮਰੇਡ ਆਤਮਾ ਰਾਮ ਸਰਕਲ ਸਕੱਤਰ, ਕਾਮਰੇਡ ਬੀ ਐੱਸ ਬਾਜਵਾ, ਜ਼ਿਲ੍ਹਾ ਸਕੱਤਰ ਰਾਜ ਕੁਮਾਰ, ਸੂਬਾ ਖਜ਼ਾਨਚੀ ਰਤਨ ਚੰਦ, ਬਲਵੀਰ ਸਿੰਘ ਜਲੰਧਰ ਅਤੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਮੁਕੰਦ ਲਾਲ ਨੇ ਆਪਣੇ ਵਿਚਾਰ ਸਾਂਝੇ ਕੀਤੇ। ਸਟੇਜ ਸੰਚਾਲਨ ਕਾਮਰੇਡ ਪਾਖਰ ਰਾਮ ਬੰਗਾ ਨੇ ਕੀਤਾ। ਸਾਰਾ ਪ੍ਰਬੰਧ ਕਾਮਰੇਡ ਸੰਤੋਖ ਪਾਲ ਅਤੇ ਨਰਿੰਦਰ ਕੁਮਾਰ ਕਾਲੀਆ ਨੇ ਕੀਤਾ। ਇਸ ਸਾਰੇ ਸਮਾਗਮ ਦੀ ਨਿਗਰਾਨੀ ਬਿਮਾਰੀ ਦੀ ਹਾਲਤ ਵਿੱਚ ਵੀ ਕਾਮਰੇਡ ਸਵਤੰਤਰ ਕੁਮਾਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਨੇ ਟੈਲੀਫੋਨ ਰਾਹੀਂ ਕੀਤੀ। ਇਸ ਮੌਕੇ ਅੱਸੀ ਸਾਲ ਦੀ ਉਮਰ ਪੂਰੀ ਹੋਣ 'ਤੇ ਸੀਨੀਅਰ ਸਾਥੀਆਂ ਨੂੰ ਲੋਈਆਂ, ਕੰਬਲ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਸਰਕਲ ਪ੍ਰਧਾਨ ਬਾਜਵਾ ਨੇ ਪੈਨਸ਼ਨਰਜ਼ ਡੇ ਦੀ ਮਹੱਤਤਾ ਬਾਰੇ ਬੋਲਦਿਆਂ ਕਿਹਾ ਕਿ ਪੈਨਸ਼ਨ ਬੁਢਾਪੇ ਵਿੱਚ ਸਹਾਰਾ ਹੁੰਦੀ ਹੈ। ਮਾਣਯੋਗ ਸੁਪਰੀਮ ਕੋਰਟ ਵੱਲੋਂ ਇਸ ਨੂੰ ਕਮਾਏ ਹੋਏ ਹੱਕ ਦਾ ਦਰਜਾ ਦਿੱਤਾ ਗਿਆ ਹੈ। ਅੱਜ ਸਰਕਾਰ ਸਰਮਾਏਦਾਰੀ ਯੁੱਗ ਵਿੱਚ ਸਰਮਾਏਦਾਰਾਂ ਦੀ ਨੁਮਾਇੰਦਗੀ ਕਰਦੇ ਹੋਏ ਪੈਨਸ਼ਨ ਬੰਦ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀ ਹੈ। ਅੱਜ ਕੇਂਦਰ ਦੀ ਮੋਦੀ ਸਰਕਾਰ ਨੇ

ਤਾਂ ਆਜ਼ਾਦੀ ਤੋਂ ਬਾਅਦ ਬੇਸ਼ਰਮੀ ਦੀ ਹੱਦ ਪਾਰ ਕਰਦਿਆਂ ਕੇਂਦਰ ਦੇ ਸਾਰੇ ਪਬਲਿਕ ਅਦਾਰੇ ਬੀ ਐੱਸ ਐਨ ਐਲ, ਰੇਲਵੇ, ਐਲ ਆਈ ਸੀ, ਏਅਰ ਇੰਡੀਆ, ਹਵਾਈ ਅੱਡੇ, ਬੰਦਰਗਾਹਾਂ ਆਦਿ ਅੰਬਾਨੀ ਅਤੇ ਹੋਰ ਘਰਾਣਿਆਂ ਨੂੰ ਦੇ ਦਿੱਤੇ ਹਨ। ਇਸ ਨਾਲ ਮੁਲਾਜ਼ਮਾਂ ਪੱਖੀ ਕਾਨੂੰਨਾਂ ਨੂੰ ਖਤਮ ਕਰ ਕੇ ਮੁਲਾਜ਼ਮਾਂ ਦੇ ਹੱਕਾਂ 'ਤੇ ਡਾਕੇ ਮਾਰੇ ਜਾ ਰਹੇ ਹਨ। ਬੇਰੁਜ਼ਗਾਰੀ ਦਾ ਕੋਈ ਹੱਲ ਨਹੀਂ ਕੀਤਾ ਜਾ ਰਿਹਾ। ਇਸ ਲਈ ਅੱਜ ਪੁਰਾਣੀ ਪੈਨਸ਼ਨ ਲੈ ਰਹੇ ਪੈਨਸ਼ਨਰਾਂ ਨੂੰ ਮੋਦੀ ਸਰਕਾਰ ਦੀਆਂ ਨੀਤੀਆਂ ਖਿਲਾਫ ਇਨ੍ਹਾਂ ਨੀਤੀਆਂ ਤੋਂ ਪੀੜਤ ਲੋਕਾਂ ਦੀ ਅਗਵਾਈ ਕਰਨੀ ਹੋਵੇਗੀ। ਇਸ ਮੌਕੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਮੋਦੀ ਸਰਕਾਰ ਦੇ ਦਸ ਸਾਲ ਵਿੱਚ ਭਾਰਤ ਸਿਰ ਕਰਜ਼ਾ 155 ਲੱਖ ਕਰੋੜ ਰੁਪਏ ਹੋ ਗਿਆ ਹੈ ਜਿਹੜਾ ਕਿ ਪਹਿਲਾਂ ਸਿਰਫ 55 ਲੱਖ ਕਰੋੜ ਰੁਪਏ ਸੀ। ਇਸ ਤੋਂ ਇਲਾਵਾ ਸਰਮਾਏਦਾਰਾਂ ਦਾ ਨਾ ਮੋੜਨ ਯੋਗ ਕਰਜ਼ਾ ਲੱਗਭੱਗ ਪੱਚੀ ਲੱਖ ਕਰੋੜ ਰੁਪਏ ਮੁਆਫ ਕਰ ਦਿੱਤਾ ਗਿਆ ਹੈ। ਹੋਰ ਤਾਂ ਹੋਰ ਇਸ ਦੇ ਐਮ ਪੀ ਅਤੇ ਐਮ ਐਲ ਏ ਕਿਵੇਂ ਭ੍ਰਿਸ਼ਟਾਚਾਰ ਅਤੇ ਦੁਰਾਚਾਰ ਦੇ ਕੇਸਾਂ ਵਿੱਚ ਲਿਪਤ ਹਨ, ਇਸ ਦੀ ਮਿਸਾਲ ਯੂ ਪੀ ਦੇ ਇੱਕ ਐਮ ਐਲ ਏ ਨੂੰ ਨਾਬਾਲਗ ਲੜਕੀ ਨਾਲ ਬਲਾਤਕਾਰ ਦੇ ਕੇਸ ਵਿੱਚ ਪੱਚੀ ਸਾਲ ਕੈਦ ਅਤੇ ਦਸ ਲੱਖ ਰੁਪਏ ਜੁਰਮਾਨਾ ਕੀਤੇ ਜਾਣ ਤੋਂ ਮਿਲਦੀ ਹੈ। ਅੱਜ ਸੰਵਿਧਾਨ ਨਾਂ ਦੀ ਕੋਈ ਚੀਜ਼ ਨਜ਼ਰ ਨਹੀਂ ਆ ਰਹੀ। ਅੱਜ ਸੰਵਿਧਾਨ ਅਤੇ ਭਾਰਤ ਬਚਾਉਣ ਲਈ ਪੈਨਸ਼ਨਰਾਂ ਨੂੰ ਸਮਾਜ ਦੀ ਅਗਵਾਈ ਕਰਨ ਲਈ ਅੱਗੇ ਆਉਣ ਦੀ ਲੋੜ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵਿੰਦਰ ਸਿੰਘ ਭੰਗਲ, ਨਿਰਮਲ ਕੁਮਾਰ, ਅਮਰਨਾਥ, ਪਿਆਰੇ ਲਾਲ, ਬਚਨ ਸਿੰਘ, ਸਾਧੂ ਸਿੰਘ, ਮੋਹਣ ਸਿੰਘ, ਮਨਜੀਤ ਸਿੰਘ, ਜਸਵਿੰਦਰ ਕੁਮਾਰ, ਕਮਲੇਸ਼ ਕੌਰ, ਗੁਰਬਖਸ਼ ਕੌਰ, ਬਲਵੀਰ ਸਿੰਘ, ਪਰਮਜੀਤ ਸਿੰਘ ਆਦਿ ਵੱਡੀ ਗਿਣਤੀ ਵਿਚ ਸਾਥੀ ਸ਼ਾਮਲ ਸਨ।

ਮਹਿਲਾ ਨਸ਼ਾ ਤਸਕਰ ਹੈਰੋਇਨ ਤੇ ਡਰੱਗ ਮਨੀ ਸਮੇਤ ਕਾਬੂ

ਫਿਲੌਰ, (ਨਿਰਮਲ)

ਸਿਮਰਨਜੀਤ ਸਿੰਘ ਲੰਗ ਉਪ ਪੁਲਸ ਕਪਤਾਨ ਸਬ ਡਵੀਜ਼ਨ ਫਿਲੌਰ ਦੀ ਅਗਵਾਈ ਹੇਠ ਇੰਸਪੈਕਟਰ ਨੀਰਜ ਕੁਮਾਰ ਮੁੱਖ ਅਫਸਰ ਥਾਣਾ ਫਿਲੌਰ ਦੀ ਪੁਲਸ ਪਾਰਟੀ ਨੇ ਇੱਕ ਮਹਿਲਾ ਨਸ਼ਾ ਤਸਕਰ ਨੂੰ 500 ਗ੍ਰਾਮ ਹੈਰੋਇਨ ਅਤੇ 5 ਲੱਖ 22 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਕੇ ਵੱਡੀ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮੁਖਵਿੰਦਰ ਸਿੰਘ ਭੁੱਲਰ ਸੀਨੀਅਰ ਪੁਲਿਸ ਕਪਤਾਨ, ਜਲੰਧਰ ਦਿਹਾਤੀ ਨੇ ਦੱਸਿਆ ਕਿ ਉਹਨਾਂ ਵੱਲੋਂ ਜ਼ਿਲ੍ਹਾ ਜਲੰਧਰ ਦਿਹਾਤੀ ਅਧੀਨ ਤਾਇਨਾਤ ਸਾਰੇ ਹਲਕਾ ਅਫਸਰ ਅਤੇ ਮੁੱਖ ਅਫਸਰ ਥਾਣਾਜਾਤ ਨੂੰ ਲੋੜੀਂਦੇ ਦਿਸ਼ਾ ਨਿਰਦੇਸ਼ ਦੇ ਕੇ ਨਸ਼ਾ ਵੇਚਣ ਵਾਲੇ ਵਿਅਕਤੀਆਂ ਖਿਲਾਫ ਕਾਰਵਾਈ ਕਰਨ ਲਈ ਹਦਾਇਤ ਕੀਤੀ ਗਈ ਸੀ। ਜੋ ਇਹਨਾਂ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਥਾਣਾ ਫਿਲੌਰ ਦੇ ਨਵ ਨਿਯੁਕਤ ਇੰਸਪੈਕਟਰ ਨੀਰਜ ਕੁਮਾਰ ਦੀ ਪੁਲਸ ਪਾਰਟੀ ਵੱਲੋਂ ਸਪੈਸ਼ਲ ਚੈਕਿੰਗ ਆਪ੍ਰੇਸ਼ਨ ਦੌਰਾਨ ਮਹਿਲਾ ਕਰਮਚਾਰੀ ਦੀ ਹਾਜ਼ਰੀ ਵਿਚ ਤੇਹਿੰਗ ਚੂੰਗੀ ਫਿਲੌਰ ਤੋਂ ਇੱਕ ਔਰਤ ਨੂੰ ਚੈੱਕ ਕੀਤਾ ਤਾਂ ਇਸ ਦੇ ਬੈਗ ਵਿੱਚੋਂ ਮੋਮੀ ਲਿਫਾਫਾ ਵਿੱਚ ਲਪੇਟੀ ਹੋਈ 500 ਗ੍ਰਾਮ ਹੈਰੋਇਨ ਅਤੇ 5 ਲੱਖ 22,000 ਰੁਪਏ ਡਰੱਗ ਮਨੀ ਬਰਾਮਦ ਹੋਈ ਜੋ ਔਰਤ ਪਾਸੋਂ ਪੁੱਛਗਿੱਛ ਕਰਨ 'ਤੇ ਇਸ ਦਾ ਨਾਂ ਪਤਾ ਅਮਰਜੀਤ ਕੌਰ ਉਰਫ ਜੀਤਾਂ ਪਤਨੀ ਕੁਲਦੀਪ ਸਿੰਘ ਵਾਸੀ ਪਿੰਡ ਪਰਾਗਪੁਰ ਥਾਣਾ ਔੜ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪਤਾ ਲੱਗਾ। ਉਸ ਪਾਸੋਂ ਭਾਰੀ ਮਾਤਰਾ ਵਿੱਚ ਹੈਰੋਇਨ ਬਰਾਮਦ ਕਰਕੇ ਥਾਣਾ ਫਿਲੌਰ ਵਿਖੇ ਮੁਕੱਦਮਾ ਨੰਬਰ 330 ਮਿਤੀ 16.12.2023 ਜੁਰਮ 21ਸੀ-61-85 ਐਨ.ਡੀ.ਪੀ.ਐਸ ਐਕਟ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਦਿਹਾਤੀ ਦਰਜ ਰਜਿਸਟਰ ਕੀਤਾ ਗਿਆ ਹੈ। ਮੁਢਲੀ ਪੁੱਛਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਇਹ ਅਮਰਜੀਤ ਕੌਰ ਉਰਫ ਜੀਤਾਂ ਕਾਫੀ ਸਮੇਂ ਤੋਂ ਫਿਲੌਰ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਦਾ ਧੰਦਾ ਕਰ ਰਹੀ ਸੀ। ਇਸ ਦੇ ਖਿਲਾਫ ਪਹਿਲਾਂ ਵੀ ਨਸ਼ਾ ਵੇਚਣ ਦੇ 7 ਕੇਸ ਦਰਜ ਹਨ। ਜੋ ਹੁਣ ਵੀ ਇਹ ਲੁਕ ਛਿਪ ਕੇ ਨਸ਼ਾ ਵੇਚਣ ਦਾ ਧੰਦਾ ਕਰ ਰਹੀ ਸੀ। ਇਸ ਦਾ ਪੁਲਸ ਰਿਮਾਂਡ ਹਾਸਲ ਕੀਤਾ ਜਾਵੇਗਾ ਅਤੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਸ੍ਰੀ ਗੁਰੂ ਰਵਿਦਾਸ ਸਭਾ ਕੰਧਾਲਾ ਜੱਟਾਂ ਦੀ ਨਵੀਂ ਕਮੇਟੀ ਦੀ ਚੋਣ

ਅੱਡਾ ਸਰਾਂ (ਜਸਵੀਰ ਕਾਜਲ)

ਧੰਨ ਧੰਨ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ ਗੁਰੂ ਘਰ ਗੁਰਦੁਆਰਾ ਸਾਹਿਬ ਪਿੰਡ ਕੰਧਾਲਾ ਜੱਟਾਂ ਦੀ ਪ੍ਰਬੰਧਕ ਕਮੇਟੀ ਸ੍ਰੀ ਰਵਿਦਾਸ ਸਭਾ ਰਜਿਸਟਰ ਦੀ ਚੋਣ ਹੋਈ। ਜਿਸ ਵਿੱਚ ਪੂਰੇ ਨਗਰ ਦੀ ਸਹਿਮਤੀ ਨਾਲ ਕੈਪਟਨ ਹਰੀ ਓਮ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਪ੍ਰਬੰਧਕ ਕਮੇਟੀ ਨੇ ਸ਼ੁਰੂਆਤ ਕਰਦੇ ਹੋਏ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਜਾਪ ਕਰਵਾਏ ਗਏ ਅਤੇ ਚਾਹ ਮਠਿਆਈ ਦੇ ਲੰਗਰ ਸੰਗਤਾਂ ਵਾਸਤੇ ਲਗਾਏ ਗਏ। ਇਸ ਤਰ੍ਹਾਂ ਪ੍ਰਬੰਧਕ ਕਮੇਟੀ ਦੇ ਉਪ ਪ੍ਰਧਾਨ ਸੂਬੇਦਾਰ ਬਖਸ਼ੀਸ਼ ਸਿੰਘ, ਖਜ਼ਾਨਚੀ ਹਰਭਜਨ ਸਿੰਘ, ਸਹਾਇਕ ਖਜ਼ਾਨਚੀ ਮਨਦੀਪ ਸਿੰਘ, ਸੈਕਟਰੀ ਅਮਰੀਕ ਸਿੰਘ, ਉਪ ਸੈਕਟਰੀ ਅਰਜਿੰਦਰ ਸਿੰਘ, ਮੁੱਖ ਸਲਾਹਕਾਰ ਸਰਪੰਚ ਜੋਗਿੰਦਰ ਸਿੰਘ ਹੀਰ, ਕੁਲਵਿੰਦਰ ਸਿੰਘ ਹੈਡ ਗ੍ਰੰਥੀ, ਸਲਾਕਾਰ ਹਰਦੀਪ ਸਿੰਘ ਥਾਣੇਦਾਰ ਅਤੇ ਸੂਬੇਦਾਰ ਸੋਹਣ ਸਿੰਘ, ਕਾਨੂੰਨੀ ਸਲਾਹਕਾਰ ਜਸਬੀਰ ਲੱਕੀ, ਮੈਂਬਰ ਗੁਰਦੇਵ ਸਿੰਘ, ਰਾਮ ਸਿੰਘ, ਗੁਰਮੇਲ ਸਿੰਘ, ਬਲਵਿੰਦਰ ਸਿੰਘ ਲਾਡੀ, ਮਹਿੰਦਰਜੀਤ ਸਿੰਘ ਗ੍ਰੰਥੀ,

ਦਾਨ ਸਿੰਘ ਗ੍ਰੰਥੀ, ਕੈਪਟਨ ਗੁਰਦਿੱਤ ਸਿੰਘ, ਦੇਸ ਰਾਜ ਸਿੰਘ, ਸਿਮਰਨਜੋਤ ਸਿੰਘ, ਧਰਮ ਸਿੰਘ ਫੌਜੀ, ਤਰਸੇਮ ਸਿੰਘ, ਜਗਪ੍ਰੀਤ ਸਿੰਘ ਜੱਗਾ, ਗੁਰਪ੍ਰੀਤ ਸਿੰਘ, ਸੁੱਚਾ ਸਿੰਘ, ਪਵਿੱਤਰ ਸਿੰਘ, ਹਰਪ੍ਰੀਤ ਸਿੰਘ , ਦਵਿੰਦਰ ਸਿੰਘ, ਅਮਰਜੀਤ ਸਿੰਘ, ਚਮਨਪ੍ਰੀਤ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ, ਲਵਪ੍ਰੀਤ ਸਿੰਘ, ਜਸਕਰਨ ਸਿੰਘ, ਚਰਨਜੀਤ ਪੜਬੱਗਾ ਆਦਿ ਬਹੁਤ ਸਾਰੇ ਮੈਂਬਰ ਹਨ।

ਪੋਹ ਮਹੀਨੇ ਦੀ ਸੰਗਰਾਂਦ 'ਤੇ ਡੇਰਾ ਸੰਤ ਸੀਤਲ ਦਾਸ ਬੋਹਣ ਵਿਖੇ ਸਮਾਗਮ

ਹੁਸ਼ਿਆਰਪੁਰ (ਓ ਪੀ ਰਾਣਾ)

ਡੇਰਾ 108 ਸੰਤ ਸੀਤਲ ਦਾਸ ਬੋਹਣ ਵਿਖੇ ਪੋਹ ਮਹੀਨੇ ਦੀ ਸੰਗਰਾਂਦ ਦੇ ਸਮਾਗਮ ਡੇਰੇ ਦੇ ਮੌਜੂਦਾ ਸੰਚਾਲਕ ਸੰਤ ਸਰਵਣ ਦਾਸ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ) ਪੰਜਾਬ ਦੀ ਦੇਖ ਰੇਖ ਹੇਠ ਬੜੀ ਸ਼ਰਧਾ ਪੂਰਵਕ ਮਨਾਏ ਗਏ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਖੁੱਲ੍ਹੇ ਦੀਵਾਨਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਕੀਰਤਨ ਦੇ ਦੀਵਾਨ ਸਜਾਏ ਗਏ, ਜਿਸ ਵਿਚ ਰਾਗੀ ਜਥਿਆਂ ਵਲੋਂ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਾਮਬਾਣੀ ਨਾਲ ਜੋੜਿਆ। ਇਸ ਮੌਕੇ ਸੰਤ ਸਰਵਣ ਦਾਸ ਜੀ ਨੇ ਪੋਹ ਮਹੀਨੇ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਅਤੇ ਬਾਣੀ ਦੇ ਅਰਥ ਭਾਵ ਦੱਸਦਿਆਂ ਸੰਗਤਾਂ ਨੂੰ ਪ੍ਰਭੂ ਪਰਮੇਸ਼ਰ ਦੇ ਨਾਮ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨਾਂ ਕਿਹਾ ਸਤਸੰਗਤਿ ਵਿਚ ਆ ਕੇ ਮਨੁੱਖ ਉਸ ਪ੍ਰਮਾਤਮਾ ਨਾਲ ਜੁੜ ਜਾਂਦਾ ਜਿਸ ਨੂੰ ਮਿਲਣ ਦੀ ਉਸ ਦੇ ਮਨ ਵਿਚ ਤਾਂਘ ਹੁੰਦੀ ਹੈ। ਉਨ੍ਹਾਂ ਕਿਹਾ ਨੌਜਵਾਨਾਂ ਨੂੰ ਨਸ਼ਿਆਂ, ਵਿਸ਼ਿਆਂ ਵਿਕਾਰਾਂ ਤੋਂ ਹਟਾਉਣ ਦਾ ਇਕੋ ਰਸਤਾ ਹੈ ਕਿ ਉਹ ਗੁਰੂ ਘਰਾਂ ਵਿਚ ਸਤਿਗੁਰੂ ਦੀ ਸੇਵਾ ਵਿਚ ਲੀਨ ਹੋ ਜਾਣ। ਇਸ ਮੌਕੇ ਭਾਈ ਸਾਹਿਬ ਸਿੰਘ ਸੋਨੂੰ, ਡੇਰੇ ਦੇ ਸੇਵਾਦਾਰ ਲਵਪ੍ਰੀਤ ਬੋਹਣ, ਬਾਬਾ ਸ਼ਿਵ ਨਰਾਇਣ, ਗਿਆਨੀ ਗੁਰਬਚਨ ਸਿੰਘ ਨੇ ਕੀਰਤਨ, ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਸੇਵਾ ਓ ਪੀ ਰਾਣਾ ਨੇ ਨਿਭਾਈ। ਇਸ ਮੌਕੇ ਜੋਗ ਰਾਜ ਚੋਪੜਾ, ਰਾਮ ਭੱਜ ਕਰਾੜੀ, ਲੰਬੜਦਾਰ ਹਰਭਜਨ ਕਰਾੜੀ, ਰਤਨ ਚੰਦ ਪਿੱਪਲਾਂਵਾਲਾ, ਗਿਆਨੀ ਦਲਜੀਤ ਸਿੰਘ, ਗਿਆਨੀ ਹਰਵਿੰਦਰ ਸਿੰਘ, ਹਰਬੰਸ ਲਾਲ ਸੇਵਾ ਮੁਕਤ ਮੈਨੇਜਰ, ਹੈਰੀ ਬੋਹਣ, ਅਮਰਜੀਤ ਸਿੰਘ ਡੀਂਗਰੀਆਂ, ਕਰਨੈਲ ਸਿੰਘ ਵੀ ਹਾਜ਼ਰ ਸਨ।

ਹੈਰੋਇਨ ਤੇ 16 ਹਜ਼ਾਰ ਡਰੱਗ ਮਨੀ ਸਮੇਤ 2 ਨਸ਼ਾ ਤਸਕਰ ਕਾਬੂ

ਕਪੂਰਥਲਾ, (ਪ੍ਰੀਤ ਸੰਗੋਜਲਾ)

ਵਤਸਲਾ ਗੁਪਤਾ, ਸੀਨੀਅਰ ਪੁਲਸ ਕਪਤਾਨ, ਕਪੂਰਥਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜ਼ਿਲ੍ਹਾ ਕਪੂਰਥਲਾ ਵਿੱਚ ਵਧ ਰਹੇ ਨਸ਼ਿਆਂ ਦੀ ਰੋਕਥਾਮ ਵਿਰੁੱਧ ਛੇੜੀ ਮੁਹਿਮ ਤਹਿਤ ਰਮਨਿੰਦਰ ਸਿੰਘ, ਪੁਲਸ ਕਪਤਾਨ (ਇਨਵੈਸਟੀਗੇਸਨ) ਕਪੂਰਥਲਾ, ਗੁਰਮੀਤ ਸਿੰਘ ਉੱਪ ਪੁਲਸ ਕਪਤਾਨ (ਡਿਟੈਕਟਿਵ) ਕਪੂਰਥਲਾ ਦੀਆਂ ਹਦਾਇਤਾਂ ਅਨੁਸਾਰ ਇੰਸਪੈਕਟਰ ਜਰਨੈਲ ਸਿੰਘ ਇੰਚਾਰਜ ਸੀ.ਆਈ.ਏ ਸਟਾਫ ਕਪੂਰਥਲਾ ਦੀ ਨਿਗਰਾਨੀ ਹੇਠ ਮਿਤੀ 16.12.2023 ਨੂੰ ਹਰਵੰਤ ਸਿੰਘ ਨੇ ਸਮੇਤ ਪੁਲਸ ਪਾਰਟੀ ਦੇ ਜਲੰਧਰ ਅੰਮ੍ਰਿਤਸਰ ਮੇਨ ਹਾਈਵੇ ਦੇ ਪੁਲ ਹੇਠਾਂ ਨਜ਼ਦੀਕ ਗੁਰਦੁਆਰਾ ਸੰਤਸਰ ਸਾਹਿਬ ਨਾਕਾਬੰਦੀ ਕਰਕੇ ਪਰਮਜੀਤ ਸਿੰਘ ਉਰਫ ਪੰਮਾ ਅਤੇ ਜਸਵੀਰ ਸਿੰਘ ਉਰਫ ਪਾਲਾ ਪੁੱਤਰਾਨ ਸਵਰਨ ਸਿੰਘ ਵਾਸੀਆਨ ਪਿੰਡ ਹਮੀਰਾ ਥਾਣਾ ਸੁਭਾਨਪੁਰ ਨੂੰ ਮੋਟਰਸਾਈਕਲ ਮਾਰਕਾ ਸਪਲੈਂਡਰ ਰੰਗ ਕਾਲਾ ਬਿਨਾਂ ਨੰਬਰੀ ਦੇ ਕਾਬੂ ਕਰਕੇ ਭਾਰਤ ਭੂਸ਼ਣ ਉੱਪ ਪੁਲਿਸ ਕਪਤਾਨ ਸਬ-ਡਵੀਜ਼ਨ ਭੁਲੱਥ ਦੀ ਨਿਗਰਾਨੀ ਵਿੱਚ ਤਲਾਸ਼ੀ ਕਰਨ ਤੇ ਉਨ੍ਹਾਂ ਪਾਸੋਂ 300 ਗ੍ਰਾਮ ਹੈਰੋਇਨ ਅਤੇ 16 ਹਜ਼ਾਰ ਰੁਪਏ ਭਾਰਤੀ ਕਰੰਸੀ ਡਰੱਗ ਮਨੀ ਬ੍ਰਾਮਦ ਕੀਤੀ ਜਿਸ 'ਤੇ ਮੁਕੱਦਮਾ ਥਾਣਾ ਸੁਭਾਨਪੁਰ